ਦਸੰਬਰ 1987
ਮੁੱਲ–ਦੋ ਰੁਪਏ
91

ਸੰਪਾਦਕੀ :

## ਪੰਜਾਬ ਦੇ ਲੋਕਾਂ ਨੂੰ ਸੰਬੋਧਨ

ਮੇਰੇ ਲੋਕੋ, ਪੰਜਾਬ ਵਿਚ ਗਵਰਨਰੀ ਰਾਜ ਦੀ ਮਿਆਦ ਹੁਣ 6 ਮਹੀਨੇ ਲਈ ਹੋਰ ਵਧਾ ਦਿਤੀ ਗਈ ਹੈ। ਇਸਦਾ ਮਤਲਬ ਹੈ ਕਿ ਰੇਅ ਰੀਬੇਰੋ ਨੂੰ 6 ਮਹੀਨੇ ਲਈ ਹੋਰ ਖੁਲ੍ਹ ਦੇ ਦਿਤੀ ਗਈ ਹੈ ਕਿ ਉਹ ਕਿਸੇ ਅੱਗੇ ਜਵਾਬਦੇਹ ਹੋਏ ਬਗੈਰ ਆਪਣੀਆਂ ਮਨ ਮਰਜ਼ੀਆਂ ਕਰ ਸਕਦੇ ਹਨ। ਕੇਂਦਰ ਕੋਲ ਪੰਜਾਬ ਦੇ ਲਈ ਕੋਈ ਹੱਲ ਨਹੀਂ। ਰੇਅ ਜਦੋਂ ਕਹਿੰਦਾ ਹੈ ਕਿ ਰਾਜੀਵ ਗਾਂਧੀ ਇਕ ਪਲੈਨ ਅਧੀਨ ਕੰਮ ਕਰ ਰਿਹਾ ਹੈ ਤਾਂ ਇਹ ਪਲੈਨ ਸਾਫ ਹੈ ਕਿ ਕਿਸੇ ਤਰ੍ਹਾਂ ਕਾਂਗਰਸ ਪਾਰਟੀ ਦੀ ਹਕੂਮਤ ਪੰਜਾਬ ਵਿਚ ਕਾਇਮ ਹੋਵੇ ਤੇ ਪੰਜਾਬ ਵੀ ਬਾਕੀ ਬਹੁਤ ਸਾਰੇ ਦੇਸ਼ ਵਾਂਗ ਕਾਂਗਰਸ ਦੀ ਭ੍ਰਿਸ਼ਟ ਸਿਆਸਤ ਦਾ ਭਾਗ ਹੋਵੇ। ਜਿੰਨ੍ਹਾਂ ਚਿਰ ਇਹ ਸਿੱਧੀ ਕਾਂਗਰਸ ਹਕੂਮਤ ਕਾਇਮ ਨਹੀਂ ਹੁੰਦੀ, ਉਨ੍ਹਾਂ ਚਿਰ ਗਵਰਨਰੀ ਰਾਜ ਦੀ ਸ਼ਕਲ ਵਿਚ ਅਸਿੱਧੀ ਕਾਂਗਰਸ ਹਕੂਮਤ ਕਾਇਮ ਰਹੇਗੀ। ਕਾਂਗਰਸ ਪਾਰਟੀ ਨੂੰ ਪੰਜਾਬ ਦੇ ਲੋਕਾਂ ਦੇ ਸਿਰ ਤੇ ਬਿਠਾਉਣ ਦੀ ਕਾਰਵਾਈ ਪੂਰੇ ਜ਼ੋਰ ਸ਼ੋਰ ਨਾਲ ਸ਼ੁਰੂ ਕਰ ਦਿਤੀ ਗਈ ਹੈ। ਪੰਜਾਬ ਦੇ ਕਾਂਗਰਸੀ ਲੀਡਰ ਅਜ ਕਲ ਅਤਿਵਾਦ ਵੱਖਵਾਦ ਦੇ ਖਿਲਾਫ ਖੁੰਭਾਂ ਵਾਕੁਨ ਬਾਹਰ ਨਿਕਲ ਆਏ ਹਨ। ਪਿਛਲੇ ਕਾਫੀ ਚਿਰ ਤੋਂ ਇਹ ਧਰਤੀ ਵਿਚ ਹੀ ਵੜੇ ਹੋਏ ਸਨ। ਇਹਨਾਂ ਦੇ ਜੰਨ ਸੰਪਰਕ ਪ੍ਰੋਗਰਾਮ ਚਾਲੂ ਹੋਏ ਹਨ। ਸਾਧਾਰਨ ਲੋਕਾਂ ਦੀ ਇਹਨਾਂ ਪ੍ਰੋਗਰਾਮਾਂ ਵਿਚ ਕੋਈ ਹਿੱਸੇਦਾਰੀ ਨਹੀਂ। ਭਾੜੇ ਦੇ ਵਰਕਰ ਟਰੱਕਾਂ ਵਿਚ ਢੋਏ ਜਾਂਦੇ ਹਨ। ਤੇ ਲੀਡਰ ਕਾਰਾਂ ਵਿਚ ਢੋਏ ਜਾਂਦੇ ਹਨ। ਟੀ. ਵੀ. ਵਾਲੇ ਇਹਨਾਂ ਦੇ ਹਰ ਜਲਸੇ ਵਿਚ ਜ਼ਰੂਰ ਹਾਜ਼ਰ ਹੁੰਦੇ ਹਨ। ਟੀ. ਵੀ. ਕੈਮਰਾ ਇਸ ਚਲਾਕੀ ਨਾਲ ਨਾਲ ਚਲਾਇਆ ਜਾਂਦਾ ਹੈ ਕਿ ਜਦੋਂ ਟੀ. ਵੀ. ਤੇ ਖਬਰਾਂ ਨਸ਼ਰ ਕੀਤੀਆਂ ਜਾਂਦੀਆਂ ਹਨ ਤਾਂ ਟੀ. ਵੀ. ਫੁੱਟੇ ਇਸ ਤਰ੍ਹਾਂ ਹੁੰਦੀ ਹੈ ਕਿ ਬੜੀ ਵਿਸ਼ਾਲ ਹਾਜ਼ਰੀ ਨਜ਼ਰ ਪਵੇ। ਕਹਿਣ ਨੂੰ ਤਾਂ ਇਹ ਸਮਾਗਮ ਅਤਿਵਾਦ ਤੇ ਵੱਖਵਾਦ ਵਿਰੋਧ ਹੁੰਦੇ ਹਨ ਪਰ ਸਾਰਾ ਤੋੜਾ ਇਹ ਆਪਣੇ ਵੋਟਾਂ ਦੇ ਸ਼ਰੀਕ ਅਕਾਲੀਆਂ ਉਤੇ ਝਾੜਦੇ ਹਨ। 19 ਨਵੰਬਰ ਇੰਦਰਾ ਗਾਂਧੀ ਦਾ ਜਨਮ ਦਿਨ ਸੀ। ਉਹਦੇ ਪੁੱਤਰ ਰਾਜੀਵ ਗਾਂਧੀ ਨੂੰ ਖੁਸ਼ ਕਰਨ ਲਈ ਇਸ ਮੌਕੇ ਉਤੇ ਕਾਂਗਰਸੀ ਲੀਡਰਾਂ ਦਾ ਇਕ ਸਮਾਗਮ ਲੁਧਿਆਨੇ ਹੋਇਆ ਹੈ। ਇਹ ਲੀਡਰਾਂ ਦਾ ਹੀ ਸਮਾਗਮ ਸੀ। ਬੂਟਾ ਸਿੰਘ ਦਿੱਲੀ ਤੋਂ ਪਧਾਰਿਆ ਸੀ। ਇਕ ਬੰਗਾਲੀ ਕੇਂਦਰੀ ਵਜ਼ੀਰ ਵੀ ਆਇਆ ਸੀ ਅਤੇ ਕੋਈ ਗੁਲਾਮ ਨੱਬੀ ਆਜ਼ਾਦ ਵੀ ਆਇਆ। ਇਸ ਗੁਲਾਮ ਨੱਬੀ ਨੂੰ ਆਪਣੀ ਰਿਆਸਤ ਕਸ਼ਮੀਰ ਵਿਚ ਤਾਂ ਕੋਈ ਪੁਛਦਾ ਨਹੀਂ ਪਰ ਰਾਜੀਵ ਨੇ ਇਹਨੂੰ ਪੰਜਾਬ ਦੇ ਮਾਮਲਿਆਂ ਦਾ ਮਾਹਿਰ ਬਣਾਇਆ ਹੋਇਆ ਹੈ। ਟੀ. ਵੀ. ਉਤੇ ਨਸ਼ਰ ਹੁੰਦੀਆਂ ਖਬਰਾਂ ਵਿਚ ਇਸ ਸਮਾਗਮ ਦੀ ਰੀਪੋਰਟ ਬੜੀ ਵੱਧ ਚੜ੍ਹ ਕੇ ਵਿਖਾਈ ਗਈ। ਵਾਰੀ ਵਾਰੀ ਕੈਮਰਾ ਹਰ ਇਕ ਲੀਡਰ ਦੀ ਸ਼ਕਲ ਉਤੇ

ਇਸ ਅੰਕ ਵਿਚ :

* ਸੰਪਾਦਕੀ : ਪੰਜਾਬ ਦੇ ਲੋਕਾਂ ਨੂੰ ਸੰਬੋਧਨ
* ਸੰਪਾਦਕੀ ਟਿਪਣੀਆਂ ਅਤੇ ਨਾਗ ਭੂਸ਼ਨ ਪਟਨਾਇਕ ਦੀ ਤਕਰੀਰ
* ਨਾਟਕ : ਇਕੋ ਮਿੱਟੀ ਦੇ ਪੁੱਤ / ਗੁਰਸ਼ਰਨ ਸਿੰਘ
* ਪੰਜਾਬ ਦੇ ਬਾਰੇ ਦੋ ਲਿਖਤਾਂ
* ਪਾਠਕ ਲੇਖਕ ਫਾਰਮ : ਰਾਜ ਸਿੰਘ ਦੀ ਇਕ ਲਿਖਤ ਜੋ ਪੰਜਾਬ ਬਾਰੇ ਨਕਸਲਬਾੜੀ ਗਰੁੱਪਾਂ ਦੀ ਪਹੁੰਚ ਨਾਲ ਸਬੰਧਤ ਹੈ

ਫੋਕਸ ਕੀਤਾ ਗਿਆ । ਬੇਅੰਤ, ਕੇਵਲ, ਯਸ਼, ਸਪੇਰੇ, ਭਿੰਡਰ, 'ਦਰਬਾਰਾ, ਉਮਰਾਓ, ਜੱਗਤੋਰਾਮ ਇਸ ਤਰ੍ਹੋਂ ਜੋਸ਼ ਵਿਚ ਬੋਲਦੇ ਵਿਖਾਈ ਦਿਤੇ, ਜਿਸ ਤਰ੍ਹਾਂ ਕਿ ਉਹ ਅਤਿਵਾਦ ਨੂੰ ਖਾ ਜਾਣਗੇ । ਬੂਟਾ ਸਿੰਘ ਇਸ ਤਰ੍ਹਾਂ ਬੋਲਿਆ ਜਿਸ ਤਰ੍ਹਾਂ ਉਹ ਸਾਰੇ ਭਾਰਤ ਦਾ ਮਾਲਕ ਹੈ । 'ਇਹ ਕਦਾਚਿਤ ਨਹੀਂ ਹੋਣ ਦਿਤਾ ਜਾਵੇਗਾ' 'ਉਹ ਕਦਾਚਿਤ ਨਹੀਂ ਹੋਣ ਦਿਤਾ ਦਿਤਾ ਜਾਵੇਗਾ ।' ਸ਼ੇਰਾਂ ਦੀਆਂ ਕਿਸਮਾਂ ਵਿਚ ਅਗੇ ਇਕ ਕਿਸਮ ਕਾਗਜ਼ੀ ਸ਼ੇਰਾਂ ਦੀ ਹੁੰਦੀ ਸੀ, ਹੁਣ ਇਹਨਾਂ ਕਾਂਗਰਸੀ ਲੀਡਰਾਂ ਦੀ ਸ਼ਕਲ ਵਿਚ ਇਕ ਹੋਰ ਕਿਸਮ ਦਾ ਵਾਧਾ ਹੋ ਗਿਆ ਹੈ ਜਿਹਨਾਂ ਨੂੰ ਟੀ. ਵੀ. ਦੇ ਸ਼ੇਰ ਕਿਹਾ ਜਾਂ ਸਕਦਾ ਹੈ । ਪੰਜਾਬ ਦੇ ਲੋਕਾਂ ਨੂੰ ਇਹਨਾਂ ਸ਼ੇਰ ਬੂਥੀਆਂ ਤੋਂ ਖਬਰਦਾਰ ਰਹਿਣਾ ਚਾਹੀਦਾ ਹੈ ਜੋ ਪਿਛਲੇ 40 ਸਾਲ ਤੋਂ ਇਸ ਦੇਸ਼ ਵਿਚ ਵੀ-ਅਤੇ ਪੰਜਾਬ ਵਿਚ ਇਕ ਭ੍ਰਿਸ਼ਟ ਸਿਆਸਤ ਚਲਾ ਰਹੇ ਹਨ ।

ਪੰਜਾਬ ਵਿਚ ਕਾਂਗਰਸ ਦੇ ਸ਼ਰੀਕ ਅਕਾਲੀ ਸ਼ੇਰ ਹਨ । ਇਨ੍ਹਾਂ ਦਾ ਹਾਲ ਅਜ ਕਲ ਬੜਾ ਭੈੜਾ ਹੈ । ਇਹ ਚੰਗੀ ਗੱਲ ਹੈ ਕਿ ਇਹਨਾਂ ਦਾ ਹਾਲ ਭੈੜਾ ਹੈ । ਇਹਨਾਂ ਦੀ ਅਸਲੀਅਤ ਲੋਕਾਂ ਅਗੇ ਪੂਰੀ ਤਰ੍ਹਾਂ ਨੰਗੀ ਹੋ ਚੁਕੀ ਹੈ । ਪੰਥ ਦੇ ਨਾਂ ਉਤੇ ਇਹਨਾਂ ਸਿੱਖ ਅਵਾਮ ਨੂੰ ਬੜੀ ਦੇਰ ਗੁਮਰਾਹ ਕੀਤਾ ਹੈ । ਇਹ ਧੋਲੇ ਦੀ ਸਿਆਸਤ ਦੇ ਮਾਲਕ ਬੇਸ਼ਰਮਾਂ ਵਾਂਗੂ ਗੱਦੀਆਂ ਦੇ ਭੁਖੇ ਹਨ । ਇਹ ਸ਼ੇਰ ਅੱਜ ਕੱਲ ਬੜੀ ਤਕਲੀਫ ਵਿਚ ਹਨ । ਗੁਰਦਵਾਰਿਆਂ ਵਿਚ ਇਹਨਾਂ ਨੂੰ ਨੌਜਵਾਨ ਨਹੀਂ ਵੜਣ ਦੇਂਦੇ ਅਤੇ ਕੁਰਸੀਆਂ ਤੇ ਇਹਨਾਂ ਨੂੰ ਕੇਂਦਰੀ ਸਰਕਾਰ ਨਹੀਂ ਬੈਠਣ ਦੇਂਦੀ । ਇਹ ਤੜਫ ਰਹੇ ਹਨ । ਕਦੀ ਦਿਲੀ ਜਾ ਕੇ ਧਰਨੇ ਲਗਾਂਦੇ ਹਨ । ਕਦੀ ਹਰਮੰਦਰ ਸਾਹਿਬ ਵਲ ਮਾਰਚ ਕਰਦੇ ਹਨ । ਕਦੀ ਸਾਧੂ ਸੰਤਾਂ ਨਾਲ ਰਲ ਕੇ ਰਾਮ ਰਾਮ ਕਰਦੇ ਇਨਸਾਫ ਲਈ ਤਰਲੇ ਕਰਦੇ ਹਨ । 'ਹਮ ਯੇਹ ਕਰ ਦੇਵੇਂਗੇ' 'ਹਮ ਵੋਹ ਕਰ ਦੇਵੇਂਗੇ' ਝੱਗ ਬਥੇਰੀ ਸੁੱਟਦੇ ਹਨ ਪਰ ਕਰ ਕੁਝ ਨਹੀਂ ਸਕਦੇ । ਇਹਨਾਂ ਦੀ ਸਾਰੀ ਸਿਆਸਤ ਵੇਲਾ ਵਿਆਹ ਚੁਕੀ ਹੈ । ਚੰਗਾ ਹੈ ਕਿ ਹੁਣ ਇਹ ਆਰਾਮ ਨਾਲ ਘਰ ਬੈਠ ਜਾਣ । ਇਹਨਾਂ ਵਲੋਂ ਇਹੀ ਪੰਜਾਬ ਦੀ ਸਭ ਤੋਂ ਵਧ ਸੇਵਾ ਹੋਵੇਗੀ ।

ਪੰਜਾਬ ਵਿਚ ਧਾਰਮਕ ਕੱਟੜਵਾਦ ਵੀ ਆਪਣਾ ਪੂਰਾ ਰੰਗ ਵਿਖਾ ਚੁਕਿਆ ਹੈ । ਹਜ਼ਾਰਾਂ ਲੋਕ ਇਹਨਾਂ ਨੇ ਮਾਰੇ ਹਨ । ਹਜ਼ਾਰਾਂ ਇਹਨਾਂ ਮਰਵਾਏ ਹਨ ਤੇ ਹਜ਼ਾਰਾਂ ਦੀ ਗਿਣਤੀ ਵਿਚ ਇਹ ਆਪ ਵੀ ਮਰੇ । ਇਹ ਬਿਲਕੁਲ ਹੀ ਦਿਸ਼ਾਹੀਨ ਸਿਆਸਤ ਹੈ ਭਾਵੇਂ ਇਸ ਦਾ ਨਾਂ ਖਾਲਿਸਤਾਨੀ ਰਖਿਆ ਜਾਏ ਜਾਂ ਸਿਖ ਕੌਮ ਦੀ ਮੁਕਤੀ ਰਖਿਆ ਜਾਏ ਜਾਂ ਇਸ ਨੂੰ ਪੰਜਾਬੀ ਕੌਮ ਦੀ ਮੁਕਤੀ ਦਾ ਨਾਂ ਹੀ ਦਿਤਾ ਜਾਏ । ਇਹ ਸਿਆਸਤ ਅਜ ਦੇ ਸਮੇਂ ਦੇ ਕਿਸੇ ਕਿਸਮ ਦੀ ਯਥਾਰਥ ਦੇ ਅਨਕੂਲ ਨਹੀਂ ।

ਮੇਰੇ ਲੋਕੋ, ਤੁਹਾਨੂੰ ਨਵੇਂ ਰਾਹਾਂ ਤੇ ਚਲਣਾ ਚਾਹੀਦਾ ਹੈ । ਭ੍ਰਿਸ਼ਟ ਕਾਂਗਰਸੀਆਂ ਨੇ, ਮੂਰਖ ਅਕਾਲੀਆਂ ਨੇ, ਕਟੜ ਧਰਮੀਆਂ ਨੇ ਜਿਨ੍ਹਾਂ ਵਿਚ ਕਟੜ ਹਿੰਦੂ ਵੀ ਆਂਦੇ ਹਨ ਤੇ ਕਟੜ ਸਿਖ ਵੀ ਆਂਦੇ ਹਨ, ਪੰਜਾਬ ਦਾ ਹੱਜ ਕੇ ਨਾਸ ਕੀਤਾ ਹੈ । ਇਹ ਨਵਾਂ ਰਾਹ ਲੋਕ ਪੱਖੀ ਇਨਕਲਾਬੀ ਸਿਆਸਤ ਤੋਂ ਸਿਵਾ ਹੋਰ ਕੋਈ ਨਹੀਂ । ਇਨਕਲਾਬੀ ਸਿਆਸਤ ਵਿਚ ਭਾਂਵੇਂ ਆਪਣੇ ਕਈ ਵਖਰੇਵੇਂ ਹਨ, ਜਿਹੜੇ ਵਿਚਾਰ ਦੀ ਪੱਧਰ ਤੇ ਹੌਲੇ ਹੌਲੇ ਹਲ ਵੀ ਹੋ ਜਾਣਗੇ । ਪਰ ਇਨਕਲਾਬ ਦੀ ਸਿਆਸਤ ਹੀ ਅੱਜ ਦੇ ਮਨੁਖ ਦਾ ਸ਼ਾਹ ਰਾਹ ਹੈ । ਇਹ ਸਿਆਸਤ ਅੱਜ ਦੇ ਯੁਗ ਵਿਚ ਮਨੁਖ ਦੀ ਬਰਾਬਰੀ ਦੀ ਸਿਆਸਤ ਹੈ, ਇਹ ਸਿਆਸਤ ਵਹਿਮਾਂ ਭਰਮਾਂ ਦੇ ਵਿਰੁੱਧ ਵਿਗਿਆਨ ਦੀ ਸਿਆਸਤ ਹੈ । ਇਹ ਆਰਥਕ ਪ੍ਰੋਗਰਾਮਾਂ ਤੇ ਨਿਰਭਰ ਸਿਆਸਤ ਹੈ । ਇਹ ਰੂੜੀਵਾਦੀ ਕਦਰਾਂ ਕੀਮਤਾਂ ਦੇ ਤਿਆਗਨ ਦੀ ਸਿਆਸਤ ਹੈ । ਇਹ ਸਿਆਸਤ ਸਮੂਹ ਲੋਕਾਂ ਦੇ ਭਲੇ ਦੀ ਸਿਆਸਤ ਹੈ । ਇਹ ਗਰੀਬ ਲੋਕਾਂ ਦੀ ਮੁੱਕਤੀ ਦੀ ਸਿਆਸਤ ਹੈ । ਮੇਰੇ ਲੋਕੋ, ਆਓ, ਇਸ ਸਿਆਸਤ ਨੂੰ ਅਪਣਾਈਏ । /ਗੁਰਸ਼ਰਨ ਸਿੰਘ

---

## ਕ੍ਰਾਂਤੀਕਾਰੀ ਸਾਹਿਤ ਸਭਾ ਪੰਜਾਬ ਦਾ ਸਾਲਾਨਾ ਸਮਾਗਮ

26 ਦਸੰਬਰ, 1987 ਨੂੰ ਬਰਨਾਲਾ ਵਿਖੇ ਬੜੀ ਵਿਸ਼ਾਲ ਪੱਧਰ ਤੇ ਮਨਾਇਆ ਜਾ ਰਿਹਾ ਹੈ । ਇਹ ਸਮਾਗਮ ਲੋਕ ਕਵੀ ਉਤੇ ਰਾਮ ਉਦਾਸੀ ਨੂੰ ਸਮਰਪਿਤ ਹੋਵੇਗਾ । ਇਸਦੇ ਪ੍ਰੋਗਰਾਮ ਵਿਚ ਕਵੀ ਦਰਬਾਰ ਹੋਵੇਗਾ । (ਮਿਸ਼ਨ ਹਾਲ ਵਿਚ) ਮੌਜੂਦਾ ਸਥਿਤੀ ਵਿਚ ਸਾਹਿਤਕਾਰ ਦੀ ਭੂਮਿਕਾ ਬਾਰੇ ਪੇਪਰ ਪੜ੍ਹੇ ਜਾਣਗੇ ਅਤੇ ਰਾਤ ਨੂੰ ਗੀਤਾਂ ਅਤੇ ਨਾਟਕਾਂ ਦਾ ਪ੍ਰੋਗਰਾਮ ਹੋਵੇਗਾ । (ਗੌਰਮਿੰਟ ਸਕੂਲ ਦੇ ਮੈਦਾਨ ਵਿਚ)

ਕਮਰਜੀਤ ਸਿੰਘ ਜੋਗਾ
ਜ: ਸਕੱਤਰ ਕਰਾਂਤੀਕਾਰੀ ਸਾਹਿਤ ਸਭਾ

## ਸੰਪਾਦਕੀ ਟਿੱਪਣੀਆਂ

### ○ ਵੀ. ਪੀ. ਸਿੰਘ ਦੀ ਇਕ ਬਾਦਲੀਲ ਤਕਰੀਰ (ਰਾਜੀਵ ਹਟਾਉ ਦੇ ਸੰਦਰਭ ਵਿਚ)

ਸਾਨੂੰ ਵੀ. ਪੀ ਸਿੰਘ ਨਾਲ ਸ਼ਕਾਇਤ ਹੈ ਕਿ ਓਹਨੇ ਰਾਜੀਵ ਗਾਂਧੀ ਅਤੇ ਉਹਦੀਆਂ ਨੀਤੀਆਂ ਨੂੰ ਨੰਗਾ ਕਰਨ ਵਿਚ ਬੜੀ ਦੇਰ ਲਗਾਈ ਹੈ ਅਤੇ ਉਹ ਆਪ ਵੀ ਬਹੁਤ ਚਿਰ ਇਸ ਭ੍ਰਿਸ਼ਟ ਸਿਸਟਮ ਦਾ ਭਾਈਵਾਲ ਰਿਹਾ ਹੈ। ਅਸੀਂ ਇਹ ਵੀ ਜਾਣਦੇ ਹਾਂ ਕਿ ਉਹਦੇ ਕੋਲ ਇਸ ਭ੍ਰਿਸ਼ਟ ਸਿਸਟਮ ਦਾ ਬਦਲ ਕੋਈ ਨਹੀਂ ਪਰ ਅਸੀਂ ਇਹ ਸਮਝਦੇ ਹਾਂ ਕਿ ਇਸ ਭ੍ਰਿਸ਼ਟ ਸਿਸਟਮ ਨੂੰ ਨੰਗਾ ਕਰਨ ਵਿਚ ਉਹਦੀ ਹਾਂ ਪੱਖੀ ਭੂਮਿਕਾ ਨੂੰ ਪੂਰੀ ਤਰ੍ਹਾਂ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ।

ਭੁਬਨੇਸ਼ਵਰ (ਉੜੀਸਾ) ਵਿਚ ਉਹਨੇ ਇਕ ਲੱਖ ਤੋਂ ਵੱਧ ਲੋਕਾਂ ਦੀ ਇਕ ਭਰੀ ਸਭਾ ਵਿਚ ਬੋਲਦੇ ਹੋਏ ਉਹਨੇ ਕੁਝ ਸਾਰਥਕ ਗੱਲਾਂ ਕਹੀਆਂ ਹਨ।

ਉਹਨੇ ਕਿਹਾ :

○ ਇਹ ਪੁਲੀਟੀਕਲ ਸਿਸਟਮ ਜਿਥੇ ਪੈਸਾ ਪੂਰੀ ਤਰ੍ਹਾਂ ਹਾਵੀ ਹੈ, ਇਨਕਲਾਬੀ ਤਬਦੀਲੀਆਂ ਤੋਂ ਬਿਨਾਂ ਨਹੀਂ ਬਦਲਿਆ ਜਾ ਸਕਦਾ।

○ ਜਦੋਂ ਪ੍ਰਧਾਨ ਮੰਤਰੀ ਇਹ ਕਹਿੰਦਾ ਹੈ ਕਿ ਕਾਂਗਰਸ ਦਾ ਬਦਲ ਦੇਸ਼ ਕੋਲ ਨਹੀਂ ਤਾਂ ਉਹ 70 ਕ੍ਰੋੜ ਲੋਕਾਂ ਨੂੰ ਕਹਿ ਰਿਹਾ ਹੈ ਕਿ ਤੁਹਾਡੇ ਕੋਲ ਭ੍ਰਿਸ਼ਟਾਚਾਰ ਦਾ ਕੋਈ ਬਦਲ ਨਹੀਂ। 70 ਕ੍ਰੋੜ ਲੋਕਾਂ ਦਾ ਇਸ ਤੋਂ ਵੱਡਾ ਅਪਮਾਨ ਹੋਰ ਕੀ ਹੋ ਸਕਦਾ ਹੈ?

○ ਕਿਸੇ ਦੇਸ਼ ਦਾ ਪ੍ਰਧਾਨ ਮੰਤਰੀ ਦੇਸ਼ ਦੇ ਹਿੱਤਾਂ ਦਾ ਚੌਕੀਦਾਰ ਹੁੰਦਾ ਹੈ। ਚੌਕੀਦਾਰ ਦਾ ਇਹ ਆਖ ਕੇ ਛੁਟਕਾਰਾ ਨਹੀਂ ਹੋ ਸਕਦਾ ਕਿ ਉਹਨੇ ਆਪ ਕੋਈ ਚੋਰੀ ਨਹੀਂ ਕੀਤੀ। ਜੇ ਚੌਕੀਦਾਰ ਚੋਰਾਂ ਨੂੰ ਰਾਹ ਦਿਖਾਵੇ, ਚੋਰਾਂ ਨੂੰ ਸ਼ਹਿ ਦੇਵੇ, ਚੋਰਾਂ ਦੀ ਰਖਿਆ ਕਰੇ ਤਾਂ ਐਸੇ ਚੌਕੀਦਾਰ ਨੂੰ ਇਕ ਦਿਨ ਵੀ ਚੌਕੀਦਾਰ ਰਹਿਣ ਦਾ ਹੱਕ ਨਹੀਂ। ਇਹ ਭਾਰਤ ਦੇ ਲੋਕਾਂ ਦੀ ਬਦ-ਕਿਸਮਤੀ ਹੈ ਕਿ ਇਕ ਐਸਾ ਚੌਕੀਦਾਰ ਰਾਜੀਵ ਗਾਂਧੀ ਦੀ ਸ਼ਕਲ ਵਿਚ ਭਾਰਤ ਦੇ ਲੋਕਾਂ ਦੇ ਸਿਰ ਤੇ ਅਸਵਾਰ ਹੈ।

○ ਪ੍ਰਧਾਨ ਮੰਤਰੀ ਹਮੇਸ਼ਾ ਚਣੌਤੀਆਂ ਦੇਂਦਾ ਰਹਿੰਦਾ ਹੈ ਕਿ ਕਿਸੇ ਵੀ ਵਿਯਕਤੀ ਵਿਰੁੱਧ ਜੇਕਰ ਸਬੂਤ ਮਿਲ ਜਾਏ ਤਾਂ ਉਹ ਵਿਯਕਤੀ ਭਾਂਵੇ ਕਿੰਨ੍ਹਾਂ ਵੀ ਵੱਡਾ ਹੋਵੇ, ਉਹਦੇ ਵਿਰੁੱਧ ਉਹ ਕਾਰਵਾਈ ਕਰਨ ਤੋਂ ਗੁਰੇਜ਼ ਨਹੀਂ ਕਰੇਗਾ। ਅਖਬਾਰ ਇੰਡੀਅਨ ਐਕਸਪ੍ਰੈਸ ਨੇ ਅਜੀਤ ਅ'ਬ (ਅਮੀਤਾਬ ਬਚਨ ਦਾ ਭਰਾ) ਦੇ ਵਿਰੁੱਧ ਫੋਟੋ ਕਾਪੀ ਛਾਪ ਕੇ ਖੁਲ੍ਹੇ ਆਮ ਉਹਦੀਆਂ ਬੇਈਮਾਨੀਆਂ ਅਤੇ ਬਦੇਸ਼ੀ ਸਿੱਕੇ ਦੇ ਕਾਨੂੰਨਾਂ ਦੀ ਉਲੰਘਣਾ ਦੇ ਜੁਰਮ ਛਾਪੇ ਹਨ ਪਰ ਉਹਦੇ ਵਿਰੁੱਧ ਕੋਈ ਐਕਸ਼ਨ ਨਹੀਂ ਲਿਆ ਗਿਆ। ਉਹਦਾ ਪਾਸਪੋਰਟ ਤਕ ਜ਼ਬਤ ਨਹੀਂ ਕੀਤਾ ਗਿਆ। ਕਿਉਂ? ਕਿਉਂਕਿ ਉਹ ਡਰਦਾ ਹੈ ਕਿ ਜੇਕਰ ਇਸ ਟੱਬਰ ਨਾਲ ਵਿਗਾੜੀ ਤਾਂ ਉਹ ਸਾਰੀਆਂ ਬੇਈਮਾਨੀਆਂ ਬਾਹਰ ਆ ਜਾਣਗੀਆਂ ਜੋ ਬਚਨ ਅਤੇ ਨਹਿਰੂ ਟੱਬਰਾਂ ਨੇ ਰਲ-ਕੇ ਕੀਤੀਆਂ ਹੋਈਆਂ ਹਨ।

○ ਹੁਣ ਤੁਸੀਂ ਇਕ ਲੱਖ ਤੋਂ ਵੱਧ ਲੋਕ ਇਹ ਗੱਲਾਂ ਸੁਣ ਰਹੇ ਹੋ। ਜੇ ਇਹ ਕਿਹਾ ਜਾਏ ਕਿ ਤੁਸੀਂ ਕਿਸੇ ਬਾਹਰ ਦੇ ਦੇਸ਼ ਦੇ ਚੁੱਕੇ ਚੁਕਾਏ ਆਪਣੇ ਦੇਸ਼ ਨੂੰ ਅਸਥਿਰ ਕਰਨ ਲਈ ਇਥੇ ਇਕੱਠੇ ਹੋਏ ਹੋ ਤਾਂ ਤੁਸੀਂ ਕਿਸ ਤਰ੍ਹਾਂ ਮਹਿਸੂਸ ਕਰੋਗੇ? ਜ਼ਰੂਰੀ ਹੈ ਕਿ ਤੁਸੀਂ ਇਸ ਕਥਨ ਦੀ ਖਿਲੀ ਉਡਾਓਗੇ। ਪ੍ਰਧਾਨ ਮੰਤਰੀ ਅਤੇ ਉਹਦੀ ਕਾਂਗਰਸ ਪਾਰਟੀ ਨੇ ਪਿਛਲੇ ਕਈ ਸਾਲਾਂ ਤੋਂ ਇਹ ਨੀਤੀ ਅਪਣਾਈ ਹੋਈ ਏ ਕਿ ਜਦੋਂ ਵੀ ਉਹ ਦੀਆਂ ਭ੍ਰਿਸ਼ਟ ਨੀਤੀਆਂ ਨੂੰ ਨੰਗਿਆਂ ਕੀਤਾ ਜਾਂਦਾ ਹੈ। ਤਾਂ ਉਹ ਤੇ ਉਹਦੀ ਸਾਰੀ ਪਾਰਟੀ ਰੇਡੀਓ, ਟੀਵੀ, ਪ੍ਰੈਸ ਤੇ ਸਾਰੇ ਸਰਕਾਰੀ ਸਾਧਨਾਂ ਨੂੰ ਵਰਤ ਕੇ ਇਹ ਦੁਹਾਈ ਪਾ ਦੇਂਦੇ ਨੇ ਕਿ ਦੇਸ਼ ਨੂੰ ਅਸਥਿਰ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਅਸਥਿਰਤਾ ਬਾਰੇ ਸਰਕਾਰੀ ਪਾਰਟੀ ਦੀਆਂ ਸਾਜ਼ਸ਼ਾਂ ਨੂੰ ਚੰਗੀ ਤਰ੍ਹਾਂ ਸਮਝਣਾ ਚਾਹੀਦਾ ਹੈ।

○ ਆਪਣੀ ਜ਼ਾਤੀ ਸਿਕਿਉਰਟੀ ਲਈ ਪ੍ਰਧਾਨ ਮੰਤਰੀ ਨੇ ਇਟਲੀ ਤੋਂ ਮਾਹਿਰ ਬੁਲਾਏ ਹਨ। ਇਹਨਾਂ ਬਾਹਰਲੇ ਦੇਸ਼ਾਂ ਦੇ ਮਾਹਿਰਾਂ ਲਈ ਭਾਰਤ ਦੀ ਸਿਕਿਉਰਟੀ ਦੀਆਂ ਸਾਰੀਆਂ ਫਾਇਲਾਂ ਖੁਲ੍ਹੀਆਂ ਹਨ। ਜਿਸ ਪ੍ਰਧਾਨ ਮੰਤਰੀ ਨੂੰ ਆਪਣੇ ਦੇਸ਼ ਦੀ ਸਿਕਿਉਰਟੀ ਮਸ਼ੀਨਰੀ ਉਤੇ ਇਹ ਵੀ ਇਤਬਾਰ ਨਹੀਂ ਕਿ ਉਹ ਉਹਦੀ ਜਾਨ ਦੀ ਰਖਿਆ ਕਰ ਸਕੇਗੀ ਤੇ ਉਹਨੂੰ ਬਾਹਰ ਦੇ ਮਾਹਿਰ ਬੁਲਾਣੇ ਪੈ ਰਹੇ ਨੇ, ਉਹਨੂੰ ਪ੍ਰਧਾਨ ਮੰਤਰੀ ਰਹਿਣ ਦਾ ਕੋਈ ਹੱਕ ਨਹੀਂ ਹੋਣਾ ਚਾਹੀਦਾ।

○ ਪ੍ਰਧਾਨ ਮੰਤਰੀ ਬਾਹਰ ਅੰਦਰ ਆਪਣੇ ਹਰ ਦੌਰੇ ਵਿਚ ਆਪਣੀਆਂ ਆਰਥਕ ਨੀਤੀਆਂ ਦੀ ਸਫਲਤਾ ਦਾ ਢੰਡੋਰਾ ਪਿੱਟਦਾ ਹੈ। ਕਾਲ ਪਿਆ ਅਸੀਂ ਇਕ ਬੰਦਾ ਵੀ ਮਰਨ ਨਹੀਂ ਦਿਤਾ ਪਰ ਸਵਾਲ ਉਠਦਾ ਹੈ ਕਿ ਕਾਲ ਪੈਂਦਾ ਹੀ ਕਿਉਂ ਹੈ? ਕਿਸੇ ਕੁਦਰਤੀ ਆਫਤ ਆ ਜਾਣ ਨਾਲ ਕਾਲ ਨਹੀਂ ਪੈਂਦਾ, ਸਗੋਂ ਕਾਲ ਤਾਂ ਪੈਂਦਾ ਹੈ ਕਿ ਕੁਦਰਤੀ ਆਫਤ ਦਾ ਮੁਕਾਬਲਾ ਕਰਨ

ਲਈ ਲੋਕਾਂ ਕੋਲ ਸਾਧਨ ਨਹੀਂ ਹੁੰਦੇ। ਸਰਦੀ ਬਹੁਤ ਪਵੇ, ਤੁਹਾਡੇ ਕੋਲ ਕਪੜੇ ਹੋਣ, ਰਜਾਈ ਹੋਵੇ, ਚੁਲ੍ਹੇ ਅੱਗ ਹੋਵੇ ਤਾਂ ਤੁਸੀਂ ਉਹਦਾ ਮੁਕਾਬਲਾ ਕਰ ਸਕਦੇ ਹੋ ਪਰ ਜੇਕਰ ਇਹ ਸਾਧਨ ਨਾਂ ਹੋਣ ਤਾਂ ਮੁਕਾਬਲਾ ਨਹੀਂ ਹੋ ਸਕਦਾ। 40 ਸਾਲਾਂ ਦੀ ਆਜ਼ਾਦੀ ਬਾਅਦ ਭਾਰਤ ਦੇ 60 ਫੀਸਦੀ ਲੋਕਾਂ ਕੋਲ ਕਿਸੇ ਕਿਸਮ ਦੀ ਕੁਦਰਤੀ ਆਫਤ ਦਾ ਮੁਕਾਬਲਾ ਕਰਨ ਦੇ ਸਾਧਨ ਨਹੀਂ। ਇਹ ਦੇਸ਼ ਦੀਆਂ ਆਰਥਕ ਨੀਤੀਆਂ ਦੀ ਸਫਲਤਾ ਨਹੀਂ, ਦੀਵਾਲੀਆਪਨ ਹੈ।

O ਮੈਂ ਇਹ ਇਕਬਾਲ ਹਾਂ ਕਰਦਾ ਕਿ ਅੱਜ ਤੋਂ ਕੁਝ ਚਿਰ ਪਹਿਲਾਂ ਮੈਂ ਪ੍ਰਧਾਨ ਮੰਤਰੀ ਦੇ ਇਸ ਵਿਚਾਰ ਨਾਲ ਸਹਿਮਤ ਸਾਂ ਕਿ ਸਾਡੇ ਕੋਲ ਏਨੇ ਕੁਦਰਤੀ ਸਾਧਨ ਹਨ ਕਿ ਅਸੀਂ ਸਾਰੇ ਜੁੱਟ ਜਾਈਏ ਤਾਂ ਦੇਸ਼ ਦੀ ਤਕਦੀਰ ਬਦਲ ਸਕਦੇ ਹਾਂ। ਅੱਜ ਵੀ ਮੈਂ ਇਹ ਇਲਾਨੀਆਂ ਕਹਿੰਦਾ ਹਾਂ ਕਿ ਅਸੀਂ ਇਹ ਤਕਦੀਰ ਬਦਲ ਸਕਦੇ ਹਾਂ, ਪਰ ਸ਼ਰਤ ਇਹ ਹੈ ਕਿ ਅਸੀਂ ਇਸ ਭ੍ਰਿਸ਼ਟ ਸਿਸਟਮ ਨੂੰ ਬਦਲੀਏ, ਜਿਥੇ ਸਰਕਾਰ ਦੀ ਹਰ ਨੌਕਰੀ, ਹਰ ਪਦਵੀਂ ਤੇ ਹਰ ਇਕ ਸਾਧਨ ਪੈਸੇ ਨਾਲ ਖਰੀਦਿਆ ਵੇਚਿਆ ਜਾ ਸਕਦਾ ਹੈ। ਜਿਥੇ ਇਕ ਪਾਸੇ ਕਾਲਹਾਂਡੀ ਦੇ ਲੋਕ ਅਤੇ ਉਹਨਾਂ ਦੇ ਪਸ਼ੂ ਭੁੱਖ ਨਾਲ ਮਰ ਰਹੇ ਹੋਣ, ਬੱਚੇ ਵੇਚੇ ਜਾ ਰਹੇ ਹੋਣ, ਪਰ ਦੂਜੇ ਪਾਸੇ ਲੱਖਾਂ ਰੁਪਏ ਸਵਿਸ ਬੈਂਕਾਂ ਵਿੱਚ ਜਮਾਂ ਕਰਵਾਉਣ ਦਾ ਸਿਲਸਿਲਾ ਜਾਰੀ ਰਹਿੰਦਾ ਹੈ।

ਵੀ. ਪੀ ਸਿੰਘ ਵਲੋਂ ਉਠਾਏ ਗਏ ਨੁੱਕਤਿਆਂ ਦਾ ਪ੍ਰਚਾਰ ਜਮਹੂਰੀ ਚੇਤਨਾ ਪ੍ਰਚੰਡ ਕਰਨ ਲਈ ਲਾਭਦਾਇਕ ਸਾਬਤ ਹੋ ਸਕਦਾ ਹੈ। ਅਸੀਂ ਇਹਨਾਂ ਵਿਚਾਰਾਂ ਨੂੰ ਜੀ ਆਇਆਂ ਆਖਦੇ ਹਾਂ।

## O ਦਿੱਲੀ ਦੰਗਿਆਂ ਦੇ ਕਾਤਲਾਂ ਲਈ ਸਜ਼ਾ ਦੀ ਮੰਗ ਜ਼ੋਰ ਫੜ ਰਹੀ ਹੈ

ਪੰਜਾਬ ਮਸਲੇ ਨਾਲ ਜੁੜਦੀ ਇਕ ਭਖਵੀਂ ਮੰਗ ਹੈ ਕਿ 1–3 ਨਵੰਬਰ ਦੇ ਦਰਮਿਆਨੀ ਅਰਸੇ ਵਿਚ 2700 ਨਿਰਦੋਸ਼ ਲੋਕਾਂ (ਸਰਕਾਰੀ ਅੰਕੜਿਆਂ ਅਨੁਸਾਰ) ਦੇ ਜੋ ਕਤਲ ਹੋਏ ਹਨ, ਉਹਨਾਂ ਦੇ ਜ਼ਿਮੇਵਾਰ ਕਾਤਲਾਂ ਨੂੰ ਸਜ਼ਾ ਦਿਤੀ ਜਾਏ। ਦਿੱਲੀ ਦੀਆਂ ਜਮਹੂਰੀ ਅਧਿਕਾਰਾਂ ਨਾਲ ਸਬੰਧਤ ਸੰਸਥਾਵਾਂ ਨੇ ਆਪਣੀ ਪੱਧਰ ਤੇ ਤਪਤੀਸ਼ ਕਰਕੇ 68 ਬੰਦਿਆਂ ਦੀ ਉਹਨਾਂ ਦੇ ਪੂਰੇ ਪਤਿਆਂ ਸਮੇਤ ਸ਼ਨਾਖਤ ਕੀਤੀ ਹੈ, ਜਿੰਨ੍ਹਾਂ ਨੇ ਇਹ ਕਤਲ ਕੀਤੇ ਹਨ। ਮਿਸਰਾ ਕਮਿਸ਼ਨ ਦੀ ਸਿਫਾਰਸ਼ ਤੇ ਕਾਇਮ ਕੀਤੀ ਜੈਨ ਬੈਨਰਜੀ ਕਮੇਟੀ ਨੇ ਵੀ ਦਿੱਲੀ ਪੁਲਸ ਅਧਿਕਾਰੀਆਂ ਨੂੰ ਸਪਸ਼ਟ ਤੌਰ ਤੇ ਕੁਝ ਵਿਅਕਤੀਆਂ ਬਾਰੇ ਲਿਖਿਆ ਹੈ ਕਿ ਉਹਨਾਂ ਵਿਰੁੱਧ ਫੌਰੀ ਤੌਰ ਤੇ ਕੇਸ ਦਰਜ ਕਰਕੇ ਉਹਨਾਂ ਨੂੰ ਗਿਰਫਤਾਰ ਕੀਤਾ ਜਾਏ। ਉਹਨਾਂ ਵਿਅਕਤੀਆਂ ਵਿਚ ਸਜਨ ਕੁਮਾਰ ਦਾ ਨਾਂ ਵੀ ਆਂਦਾ ਹੈ, ਜੋ ਹੁਣ ਦਿੱਲੀ ਪ੍ਰਦੇਸ਼ ਕਾਂਗਰਸ ਕਮੇਟੀ ਦਾ ਜਨਰਲ ਸਕੱਤਰ ਹੈ ਅਤੇ ਸਾਬਕਾ ਐਮ. ਪੀ ਹੈ। ਇਹ ਮਸਲਾ ਕੇਂਦਰੀ ਸਰਕਾਰ ਦਾ ਇਮਤਿਹਾਨ ਦਾ ਮਸਲਾ ਹੈ। ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਦੁਨੀਆਂ ਭਰ ਵਿਚ ਢੋਡੀਂ ਪਿੱਟਦੇ ਹਨ ਕਿ ਪੰਜਾਬ ਦਾ ਮਸਲਾ ਅਤਿਵਾਦੀਆਂ ਦੀਆਂ ਹਿੰਸਕ ਕਾਰਵਾਈਆਂ ਕਰਕੇ ਹੱਲ ਨਹੀਂ ਹੋ ਰਿਹਾ, ਪਰ ਆਪਣੀ ਪੱਧਰ ਤੇ ਮਾਹੌਲ ਨੂੰ ਸੁਖਾਵਾ ਬਣਾਉਣ ਲਈ ਉਹ ਇਕ ਵੀ ਕਦਮ ਚੁੱਕਣ ਲਈ ਤਿਆਰ ਨਹੀਂ। ਜਿਥੇ ਪੰਜਾਬ ਵਿਚ ਜਮਹੂਰੀ ਲੋਕ ਰਾਏ ਸਰਕਾਰ ਅਤੇ ਅਤਿਵਾਦੀਆਂ ਹਥੋਂ ਨਿਰਦੋਸ਼ ਲੋਕਾਂ ਦੇ ਕਤਲਾਂ ਵਿਰੁੱਧ ਲਾਮ ਬੰਦ ਹੋ ਰਹੀ ਹੈ, ਉਥੇ ਦਿੱਲੀ ਵਰਗੀਆਂ ਥਾਵਾਂ ਤੇ ਨਵੰਬਰ 1984 ਦੇ ਕਾਤਲਾਂ ਵਿਰੁੱਧ ਆਵਾਜ਼ ਬਹੁਤ ਉੱਚੀ ਹੋਣੀ ਚਾਹੀਦੀ ਹੈ। ਇਹ ਇਕ ਚੰਗੀ ਗੱਲ ਹੈ ਕਿ ਦਿੱਲੀ ਦੀਆਂ ਕੁਝ ਸੰਸਥਾਵਾਂ ਨੇ 16 ਨਵੰਬਰ ਮਿਲਕੇ ਬੋਟ ਕਲਬ ਇਕ ਧਰਨਾ ਦੇ ਕੇ ਇਹ ਆਵਾਜ਼ ਉੱਚੀ ਕੀਤੀ ਹੈ। ਧਰਨਾ ਦੇਣ ਵਾਲਿਆਂ ਵਿਚ ਕੁਲਦੀਪ ਨਯੀਅਰ, ਜਨਰਲ ਅਰੋੜਾ, ਜੱਜ ਰਜਿੰਦਰ ਸੱਚਰ ਤਾਰ ਕੁੰਡੇ ਵਰਗੀਆਂ ਹਸਤੀਆਂ ਸ਼ਾਮਲ ਸਨ। ਬਾਅਦ ਵਿਚ ਉਹਨਾਂ ਦੀ ਗਿਰਫਤਾਰੀ ਵੀ ਹੋਈ। ਪੰਜਾਬ ਮਸਲੇ ਦੇ ਹਲ ਲਈ ਸੁਖਾਵਾ ਮਾਹੌਲ ਬਨਾਉਣ ਲਈ ਦਿੱਲੀ ਕਤਲਾਂ ਦੇ ਜ਼ਿਮੇਵਾਰ ਲੋਕਾਂ ਨੂੰ ਸਜ਼ਾ ਦਿਤੀ ਜਾਣੀ ਜ਼ਰੂਰੀ ਹੈ।

## O ਭੂਪਾਲ ਗੈਸ ਕਾਂਡ ਦੀ ਤੀਸਰੀ ਬਰਸੀ ਤੇ ਕੁਝ ਅਹਿਮ ਸਵਾਲ

3 ਦਸੰਬਰ ਭੂਪਾਲ ਗੈਸ ਕਾਂਡ ਨੂੰ ਹੋਇਆਂ ਪੂਰੇ ਤਿੰਨ ਸਾਲ ਹੋ ਜਾਣਗੇ। ਇਸ ਕਾਂਡ ਬਾਰੇ ਪੂਰੀ ਛਾਣ ਬੀਣ ਕਰਨ ਤੋਂ ਬਾਅਦ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਲੋਕਾਂ ਵਿਚ ਇਕ ਪੈਂਫਲਿਟ ਲਿਆਂਦਾ ਸੀ ਜਿਸ ਦੇ ਪਹਿਲੇ ਸਫੇ ਤੇ ਜਿਹੜੀਆਂ ਲਾਈਨਾਂ ਲਿਖੀਆਂ ਗਈਆਂ ਸਨ, ਉਹ ਅੱਜ ਫੇਰ ਦੁਹਰਾਨੀਆਂ ਜ਼ਰੂਰੀ ਹਨ। ਇਸ ਪੈਂਫਲਿਟ ਦਾ ਨਾਂ ਸੀ 'ਭੂਪਲ ਗੈਸ ਕਾਂਡ ਅਤੇ ਇਸਦੇ ਸਬਕ' ਅਤੇ ਜਿੰਨ੍ਹਾਂ ਲਾਈਨਾਂ ਦਾ ਅਸੀਂ ਜ਼ਿਕਰ ਕੀਤਾ ਹੈ। ਉਹ ਸਨ :

"ਭੂਪਾਲ ਵਿਚ ਜੋ ਕੁਝ ਵੀ ਹੋਇਆ ਹੈ ਉਹ ਮੁਨਾਫੇ ਦੀ ਅੰਨ੍ਹੀ ਦੌੜ ਵਿਚ ਲਗੇ ਪੂੰਜੀਪਤੀਆਂ ਅਤੇ ਭ੍ਰਿਸ਼ਟ ਸਰਕਾਰੀ ਮਸ਼ੀਨਰੀ ਦੀ ਸਾਂਝ ਭਿਆਲੀ ਦੀ

ਜਿਉਂਦੀ ਜਾਗਦੀ ਮਿਸਾਲ ਹੈ। ਅੱਜ ਅਨੇਕਾਂ ਅਜੇਹੇ ਕਾਰਖਾਨੇ ਨਾਲੇ ਤਾਂ ਸਾਡੀ ਅੰਨ੍ਹੀ ਆਰਥਕ ਲੁੱਟ ਕਰ ਰਹੇ ਹਨ ਅਤੇ ਨਾਲ ਹੀ ਸਾਡੇ ਵਾਤਾਵਰਨ ਵਿਚ ਜ਼ਹਿਰ ਘੋਲ ਕੇ ਸਾਡੇ ਲੋਕਾਂ ਦੀਆਂ ਸਿਹਤਾਂ ਦਾ ਸਤਿਆਨਾਸ ਕਰ ਰਹੇ ਹਨ। ਜਦ ਤਕ ਮੁਨਾਫੇ ਕਮਾਉਣ ਦੀ ਇਹ ਨਾਂ ਖਤਮ ਹੋਣ ਵਾਲੀ ਦੌੜ ਖਤਮ ਨਹੀਂ ਕੀਤੀ ਜਾਂਦੀ ਲੋਕਾਂ ਦੀ ਸਿਹਤ ਅਤੇ ਜ਼ਿੰਦਗੀਆਂ ਹਮੇਸ਼ਾ ਖਤਰੇ ਵਿਚ ਰਹਿਣਗੇ।"

ਇਸ ਪੈਂਫਲਿਟ ਵਿਚ ਦਰਜ ਸਚਾਈ ਪੂਰੀ ਤਰ੍ਹਾਂ ਭੂਪਾਲ ਦੇ ਲੋਕਾਂ ਅਗੇ ਜ਼ਾਹਰ ਹੋ ਗਈ ਹੈ। ਇੱਕ ਡਾਕਟਰੀ ਸਰਵੇਖਣ ਦੇ ਬਾਅਦ ਜੋ ਰੀਪੋਰਟ ਬਾਹਰ ਆਈ ਹੈ, ਉਸਦੇ ਅਨੁਸਾਰ :

O ਭੂਪਾਲ ਕਾਂਡ ਵਿਚ ਫੌਰੀ ਮਰਨ ਵਾਲੇ ਲੋਕਾਂ ਦੀ ਗਿਣਤੀ 2000 ਦੇ ਕਰੀਬ ਸੀ ਪਰ ਜ਼ਹਿਰੀਲੀ ਗੈਸ ਦੇ ਅਸਰ ਨਾਲ ਹੌਲੀ ਹੌਲੀ ਹੋਈਆਂ ਮੌਤਾਂ ਦੀ ਗਿਣਤੀ ਹੁਣ (22–8–87 ਤਕ) 2850 ਤਕ ਪੁੱਜ ਚੁੱਕੀ ਹੈ।

O ਜ਼ਹਿਰੀਲੀ ਗੈਸ ਦਾ ਅਸਰ ਉਮਰ ਭਰ ਲਈ ਲੱਖਾਂ ਲੋਕਾਂ ਨੂੰ ਰੋਗੀ ਬਣਾ ਗਿਆ ਹੈ। 5 ਲੱਖ ਲੋਕਾਂ ਦੀਆਂ ਅੱਖਾਂ, ਫੇਫੜੇ, ਅੰਤੜੀਆਂ, ਲਿੰਗ ਅੰਗਾਂ ਨੂੰ ਇਹੋ ਜਿਹਾ ਨੁਕਸਾਨ ਪਹੁੰਚਿਆ ਹੈ ਕਿ ਉਹ ਲੋਕ ਨਾਂ ਜੀਂਦਿਆਂ ਵਿਚ ਰਹੇ ਹਨ ਅਤੇ ਨਾਂ ਹੀ ਮਰਿਆਂ ਵਿਚ ਰਹੇ ਹਨ। ਉਹ ਜ਼ਿੰਦਗੀ ਭਰ ਲਈ ਅਪਰਾਜ ਬਣਾ ਦਿਤੇ ਗਏ ਹਨ। ਔਰਤਾਂ ਜਿਹੜੀਆਂ ਇਸ ਗੈਸ ਦੇ ਅਸਰ ਥਲੇ ਆਈਆਂ ਹਨ। ਉਹ ਜਿਨ੍ਹਾਂ ਬੱਚਿਆਂ ਨੂੰ ਜਨਮ ਦੇਣਗੀਆਂ ਉਹਨਾਂ ਉਤੇ ਜ਼ਹਿਰੀਲੀਆਂ ਗੈਸਾਂ ਦਾ ਅਸਰ ਪੀੜ੍ਹੀਆਂ ਤੱਕ ਚਲਦਾ ਰਹੇਗਾ।

O ਭੂਪਾਲ ਗੈਸ ਕਾਂਡ ਦੇ ਸਿਲਸਲੇ ਵਿਚ ਜੋ ਹੋਰ ਗੱਲ ਸਾਹਮਣੇ ਆਈ ਹੈ, ਉਹ ਇਕ ਮਿਸਾਲ ਹੈ ਕਿ ਪ੍ਰਾਈਵੇਟ ਕੰਪਨੀਆਂ ਸਰਕਾਰੀ ਅਦਾਰਿਆਂ ਵਿਚ ਬੈਠੇ ਅਫਸਰਾਂ ਨੂੰ ਰਿਸ਼ਵਤ ਦੇ ਕੇ ਆਪਣੇ ਹਿੱਤ ਪੂਰਦੀਆਂ ਹਨ। ਹਾਦਸੇ ਵੇਲੇ ਗੈਸ ਦੇ ਅਸਰ ਥਲੇ ਆਏ ਲੋਕਾਂ ਲਈ ਹਰਜਾਨਾ ਦਿਵਾਉਣ ਦੀ ਜ਼ਿਮੇਵਾਰੀ ਭਾਰਤ ਸਰਕਾਰ ਨੇ ਆਪਣੇ ਜ਼ਿਮੇ ਲਈ ਸੀ। ਕੰਪਨੀ ਵਿਰੁੱਧ ਇਹਦੇ ਲਈ ਮੁਕੱਦਮਾ ਵੀ ਦਾਇਰ ਕੀਤਾ ਗਿਆ ਸੀ। ਇਹ ਹਰਜਾਨਾ 330 ਕਰੋੜ ਡਾਲਰ ਦਾ ਬਣਦਾ ਸੀ ਜਦੋਂ ਕਿ ਕੰਪਨੀ ਦੇ ਅਧਿਕਾਰੀ ਕੇਵਲ 60 ਲੱਖ ਡਾਲਰ ਹਰਜਾਨਾ ਲਈ ਤਿਆਰ ਸਨ। ਹੁਣ ਪਤਾ ਲੱਗਾ ਹੈ ਕਿ ਭਾਰਤ ਦੀ ਸਰਕਾਰ ਕਚੇਹਰੀ ਤੋਂ ਬਾਹਰ ਹੀ ਕੰਪਨੀ ਨਾਲ ਕੋਈ ਫੈਸਲਾ ਕਰ ਰਹੀ ਹੈ। ਸਾਫ ਹੈ ਕਿ ਇਹ ਬਹੁਤ ਘੱਟ ਰੱਕਮ ਉਤੇ ਹੀ ਫੈਸਲਾ ਕਰਨ ਲਈ ਤਿਆਰ ਹੈ। ਇਸ ਗੈਸ ਅਸਰ ਥਲੇ ਮਰਨ ਵਾਲੇ ਲੋਕਾਂ ਦੇ ਵਾਰਸਾਂ ਨਾਲ ਅਤੇ ਜਿਹੜੇ ਮਰੇ ਨਹੀਂ ਪਰ ਜੀਂਦਿਆਂ ਵਿਚੋਂ ਵੀ ਨਹੀਂ, ਉਹਨਾਂ ਨਾਲ ਬੜੀ ਵੱਡੀ ਗਦਾਰੀ ਹੈ। ਭੂਪਾਲ ਦੀਆਂ ਜਮਹੂਰੀ ਹੱਕਾਂ ਦੀਆਂ ਸੰਸਥਾਵਾਂ ਨੇ ਇਹਦੇ ਵਿਰੁੱਧ ਬੜੀ ਜ਼ੋਰਦਾਰ ਆਵਾਜ਼ ਉਠਾਈ ਹੈ।

ਸਾਡੇ ਆਪਣੇ ਪੰਜਾਬ ਵਿਚ ਅਨੇਕਾਂ ਇਸ ਤਰ੍ਹਾਂ ਦੇ ਕਾਰਖਾਨੇ ਉਸਾਰੇ ਜਾ ਰਹੇ ਹਨ ਜਿਨ੍ਹਾਂ ਵਿਚੋਂ ਨਿਕਲਦੀਆਂ ਗੈਸਾਂ ਆਲੇ ਦੁਆਲੇ ਨੂੰ ਦੂਸ਼ਤ ਕਰ ਸਕਦੀਆਂ ਹਨ। ਇਹ ਇਕ ਵਧੀਆ ਗੱਲ ਹੈ ਕਿ ਜਮਹੂਰੀ ਅਧਿਕਾਰ ਸਭਾ ਦੀ ਸੰਗਰੂਰ ਇਕਾਈ ਨੇ 3 ਦਸੰਬਰ ਭੂਪਾਲ ਗੈਸ ਕਾਂਡ ਦੀ ਤੀਸਰੀ ਬਰਸੀ ਤੇ ਸੰਗਰੂਰ ਵਿਚ ਕੀਤੇ ਜਾਣ ਵਾਲੇ ਸਮਾਗਮ ਵਿਚ ਇਹ ਵੱਡੀ ਮੰਗ ਲਈ ਹੈ ਕਿ ਜ਼ਹਿਰੀਲੀ ਗੈਸ ਵਾਲੇ ਧੂਏਂ ਨੂੰ ਦੇਣ ਵਾਲੇ ਕਿਸੇ ਵੀ ਕਾਰਖਾਨੇ ਨੂੰ ਉਹਦੀ ਸੇਫਟੀ ਵਾਲੀ ਮਸ਼ੀਨਰੀ ਨੂੰ ਅੰਤਰ ਰਾਸ਼ਟਰੀ ਮਿਆਰ ਦੇ ਅਨੁਸਾਰ ਪਹਿਲੇ ਹੀ ਚੈਕ ਕਰਨ ਤੋਂ ਬਿਨਾਂ ਆਬਾਦੀ ਵਾਲੇ ਇਲਾਕਿਆਂ ਵਿਚ ਚਲਣ ਨਾ ਦਿਤਾ ਜਾਏ। ਸੰਗਰੂਰ ਇਹ ਸਮਾਗਮ ਤਾਂ ਹੀ ਕੀਤਾ ਜਾ ਰਿਹਾ ਹੈ ਕਿ ਸੰਗਰੂਰ ਦੇ ਨੇੜੇ ਇਹੋ ਜਿਹਾ ਇਕ ਕਾਰਖਾਨਾ ਲੱਗ ਰਿਹਾ ਹੈ, ਜਿਸ ਵਿਚ ਪੰਜਾਬ ਦੇ ਵਡੇ ਸਿਆਸੀ ਲੀਡਰਾਂ ਦੀ ਹਿੱਸੇਦਾਰੀ ਹੈ। ਭ੍ਰਿਸ਼ਟ ਸਰਕਾਰੀ ਮਸ਼ੀਨਰੀ ਅਤੇ ਪੂੰਜੀਪਤੀਆਂ ਦੀ ਭਿਆਲੀ ਨੂੰ ਸਾਧਾਰਨ ਲੋਕਾਂ ਵਿਚ ਨੰਗਾ ਕਰਨਾ ਅਤੇ ਉਹਨਾਂ ਨੂੰ ਜ਼ਹਿਰੀਲੀਆਂ ਗੈਸਾਂ ਤੋਂ ਬਚਾਉਣਾ ਸਾਰੀਆਂ ਲੋਕ ਪੱਖੀ ਸੰਸਥਾਵਾਂ ਦਾ ਫਰਜ਼ ਹੈ ਅਤੇ ਇਸ ਕੰਮ ਨੂੰ ਆਪਣੇ ਪ੍ਰੋਗਰਾਮ ਵਿਚ ਸ਼ਾਮਲ ਕਰਨਾ ਅਤੇ ਪਹਿਲ ਦੇਣੀ ਉਹਨਾਂ ਦਾ ਫਰਜ਼ ਹੈ।

## O ਪੈਸਾ ਪ੍ਰਧਾਨ ਬੂਰਜੂਆ ਸਟੇਟ ਦਾ ਪਤਨ

ਇਸ ਗੱਲ ਨੂੰ ਖਬਰ ਦੇ ਤੌਰ ਤੇ ਵੀ ਲਿਆ ਜਾ ਸਕਦਾ ਹੈ, ਪਰ ਇਹ ਸਾਡੀ ਬੂਰਜੂਆ ਸਟੇਟ ਦੇ ਪਤਨ ਦਾ ਸਬੂਤ ਵੀ ਕਿਹਾ ਜਾ ਸਕਦਾ ਹੈ। ਇਕ ਪ੍ਰਧਾਨ ਮੰਤਰੀ ਕਿਸੇ ਝੂਠ ਨੂੰ ਛੁਪਾਉਣ ਦੀ ਖਾਤਿਰ ਸਾਰੇ ਦੇਸ਼ ਦੀ ਬਦੇਸ਼ੀ ਨੀਤੀ ਹੀ ਬਦਲ ਸਕਦਾ ਹੈ ਅਤੇ ਸਾਰੇ ਦੇਸ਼ ਦੇ ਹਿਤਾਂ ਨੂੰ ਗਹਿਣੇ ਪਾ ਸਕਦਾ ਹੈ। ਇਕ ਏਜੰਸੀ ਦੀ ਖਬਰ ਅਨੁਸਾਰ ਭਾਰਤੀ ਜੰਤਾ ਪਾਰਟੀ ਦੇ ਨੇਤਾ ਬਾਜਪਾਈ ਨੇ ਇਹ ਇਲਜ਼ਾਮ ਲਗਾਇਆ ਹੈ ਕਿ ਬੋਫਰ ਸੌਦਿਆ ਦੇ ਵਿਚ ਜਾਣਿਆਂ ਜਾਂਦਾ ਏਜੰਟ ਵਿਨ ਚੱਢਾ ਹੁਣ ਅਮਰੀਕਨ ਖੁਫੀਆ ਏਜੰਸੀ- ਸੀ. ਆਈ. ਏ ਦੀ ਹਰਾਸਤ ਵਿਚ ਹੈ ਅਤੇ ਉਹਦੇ ਰਾਹੀਂ ਜਿਹੜੀ ਜਾਣਕਾਰੀ ਹੁਣ ਸੀ. ਆਈ. ਏ. ਕੋਲ ਹੈ, ਉਹ ਜੇਕਰ ਬਾਹਰ ਆ

ਜਾਏ ਤਾਂ ਦੁਨੀਆ ਭਰ ਵਿਚ ਸ੍ਰੀ ਰਾਜੀਵ ਗਾਂਧੀ ਦੀ ਸਾਖ ਦੀਆਂ ਧਿੱਜੀਆਂ ਉਡ ਜਾਣੇ। ਰਾਜੀਵ ਗਾਂਧੀ ਇਸ ਸਚਾਈ ਨੂੰ ਜਾਣਦਾ ਹੈ, ਇਸ ਲਈ ਉਹਨੇ ਅਪਣੀ ਅਮਰੀਕਾ ਯਾਤਰਾ ਵਿਚ ਜ਼ਰੂਰਤ ਤੋਂ ਵੱਧ ਪ੍ਰਧਾਨ ਰੀਗਨ ਦੀ ਝੋਲੀ ਚੁੱਕੀ ਹੈ ਅਤੇ ਉਹਦੀਆਂ ਬਦੇਸ਼ੀ ਨੀਤੀਆਂ ਦੀ ਸਰਾਹੰਣਾ ਕੀਤੀ ਹੈ। ਇਹੋ ਰਾਜੀਵ ਗਾਂਧੀ ਜਿਹੜਾ ਹਰ ਮੌਕੇ ਤੇ ਅਮਰੀਕਾ ਵਲੋਂ ਪਾਕਿਸਤਾਨ ਨੂੰ ਹਥਿਆਰ ਦੇਣ ਦੇ ਮਸਲੇ ਅਤੇ ਐਟਮੀ ਬੰਬ ਬਨਾਉਣ ਦੀਆਂ ਸਹੂਲਤਾਂ ਦੇਣ ਤੇ ਅਮਰੀਕਾ ਦੀ ਭੰਡੀ ਕਰਦਾ ਥੱਕਦਾ ਨਹੀਂ, ਹੁਣ ਇਕੋ ਨਿੱਜੀ ਕਾਰਨ ਉਲਟ ਬਾਜ਼ੀ ਖਾ ਗਿਆ ਹੈ ਤੇ ਉਹਨੇ ਅਮਰੀਕਾ ਨੂੰ ਇਸ ਦੋਸ਼ ਤੋਂ ਬਰੀ ਕਰ ਦਿਤਾ ਹੈ। ਇਸੇ ਏਜੰਸੀ ਖਬਰ ਅਨੁਸਾਰ ਤੇਜੀ ਬੱਚਨ ਜੋ ਅਮੀਤਾਬ ਅਤੇ ਅਜੀਤ ਆਬ ਬਚਨ ਦੀ ਮਾਂ ਹੈ, ਉਹਨੇ ਵੀ ਰਾਜੀਵ ਗਾਂਧੀ ਨੂੰ ਸਾਫ ਕਰ ਦਿੱਤਾ ਹੈ ਕਿ ਜੇ ਉਹਦੇ ਪੁੱਤਰਾਂ ਨੂੰ ਰਾਜੀਵ ਨੇ ਪ੍ਰੇਸ਼ਾਨ ਕੀਤਾ ਤਾਂ ਉਹ ਸਾਰੇ ਭੇਦ ਖੋਲਣ ਤੇ ਮਜ਼ਬੂਰ ਹੋਵੇਗੀ, ਜਿਸ ਨਾਲ ਰਾਜੀਵ ਗਾਂਧੀ ਦੀਆਂ ਬੇਈਮਾਨੀਆਂ ਚਿੱਟੇ ਦੁੱਧ ਵਾਂਗ ਲੋਕਾਂ ਵਿਚੋਂ ਸਾਫ ਹੋ ਜਾਣਗੀਆਂ। ਇਹ ਵੱਡੇ ਲੋਕ ਰਲ ਮਿਲ ਕੇ ਦੇਸ਼ ਦੀ ਕਿਸ ਤਰ੍ਹਾਂ ਲੁੱਟ ਕਰ ਰਹੇ ਹਨ, ਇਹ ਇਹਨਾਂ ਏਜੰਸੀ ਖਬਰਾਂ ਤੋਂ ਬਿਲਕੁੱਲ ਸਾਫ ਹੈ। ਸਾਡੇ ਪੜੇ ਲਿਖੇ ਲੋਕਾਂ ਨੂੰ, ਜਿਨ੍ਹਾਂ ਨੂੰ ਅਖਬਾਰਾਂ ਪੜ੍ਹਣ ਦਾ ਮੌਕਾ ਮਿਲਦਾ ਹੈ, ਉਹਨਾਂ ਦਾ ਫਰਜ਼ ਹੈ ਕਿ ਆਪਣੇ ਘਰ ਦੇ ਖੋਲਾਂ ਤੋਂ ਬਾਹਰ ਨਿਕਲਕੇ ਇਨ੍ਹਾਂ ਬਦਨੀਤੀਆਂ ਨੂੰ ਲੋਕਾਂ ਵਿਚ ਚਰਚਾ ਦਾ ਵਿਸ਼ਾ ਬਨਾਉਣ। ਕ੍ਰਿਕਟ ਮੈਚ ਦੀ ਚਰਚਾ ਨਾਲੋਂ ਇਹ ਚਰਚਾ ਬਹੁਤੀ ਜ਼ਰੂਰੀ ਏ। ਖਲਕਤ ਦੀ ਆਵਾਜ਼ ਇਸ ਸਿਸਟਮ ਦੇ ਵਿਰੁੱਧ ਲਾਮ ਬੰਦ ਹੋਣੀ ਜ਼ਰੂਰੀ ਹੈ।

## o ਰਾਸ਼ਟਰਵਾਦ ਸਿਰਫ ਹਿੰਦੂ ਸ਼ਾਵਨ-ਵਾਦੀਆਂ ਦੀ ਇਜਾਰੇਦਾਰੀ ਨਹੀਂ ਹੈ

ਇਹ ਸਤਰ ਸਾਡੇ ਵਲੋਂ ਪੰਜਾਬ ਵਿਚ ਛਪਦੀਆਂ ਹਿੰਦ ਸਮਾਚਾਰ ਗਰੁੱਪ ਦੀਆਂ ਅਖਬਾਰਾਂ ਨੂੰ ਸੰਬੋਧਨ ਹੈ ਤੇ ਜਿਸ ਖਬਰ ਉਤੇ ਟਿੱਪਣੀ ਕੀਤੀ ਜਾ ਰਹੀ ਹੈ, ਉਹ ਬਾਬਰੀ ਮਸਜਿਦ ਅਤੇ ਰਾਮ ਜਨਮ ਭੂਮੀ ਮੰਦਰ ਦੇ ਝਗੜੇ ਦੇ ਸੰਦਰਭ ਵਿਚ ਹੈ। ਇਕ ਖਬਰ ਅਨੁਸਾਰ ਮੁਖਤਾਰ ਅਬਾਸ ਨੱਕਵੀ ਦੀ ਅਗਵਾਈ ਵਿਚ ਭਾਰਤੀ ਮੁਸਲਿਮ ਸੰਮੇਲਨ ਵਲੋਂ ਅਯੁੱਧਿਆ ਵਿਚ ਰਾਸ਼ਟਰੀਵਾਦੀ ਮੁਸਲਮਾਨਾਂ ਦੀ ਇਕ ਰੈਲੀ ਆਯੋਜਿਤ ਕੀਤੀ ਜਾਏਗੀ ਜਿਸ ਵਿਚ ਰਾਮ ਜਨਮ ਭੂਮੀ ਹਿੰਦੂਆਂ ਨੂੰ ਸੌਂਪਣ ਦਾ ਐਲਾਨ ਕੀਤਾ ਜਾਏਗਾ। ਖਬਰ ਅਨੁਸਾਰ ਇਸ ਰੈਲੀ ਵਿਚ ਲੱਖਾਂ ਦੀ ਗਿਣਤੀ ਵਿਚ ਮੁਸਲਮਾਨ ਹਿੱਸਾ ਲੈਣਗੇ। ਇਹ ਆਪਣੇ ਆਪ ਵਿਚ ਇਕ ਚੰਗੀ ਖਬਰ ਹੈ ਕਿ ਮੰਦਰਾਂ ਮਸੀਤਾਂ ਦੇ ਨਾਂ ਉਤੇ ਚਲ ਰਹੇ ਝਗੜਿਆਂ ਨੂੰ ਨਿਪਟਾਇਆ ਜਾਏ ਪਰ ਜਦੋਂ ਹਿੰਦ ਸਮਾਚਾਰ ਗਰੁੱਪ ਦੀਆਂ ਅਖਬਾਰਾਂ ਇਹੋ ਜਿਹੀਆਂ ਖਬਰਾਂ ਉਤੇ ਸੰਪਾਦਕੀ ਲਿਖਣ ਤੇ ਮੁਸਲਮਾਨਾਂ ਜਾਂ ਹੋਰ ਘੱਟ ਗਿਣਤੀਆਂ ਨੂੰ ਰਾਸ਼ਟਰਵਾਦ ਦੇ ਸਬਕ ਸਿਖਾਉਣ ਤਾਂ ਉਹਨਾਂ ਦੀਆਂ ਪਖਵਾਦੀ ਗੱਲਾਂ ਦਾ ਨੋਟਿਸ ਲੈਣਾ ਜ਼ਰੂਰੀ ਹੈ। ਹਿੰਦੂ ਸ਼ਾਵਨਵਾਦੀ ਰਾਸ਼ਟਰਵਾਦ ਦੇ ਨਾਂ ਉਤੇ ਘੱਟ ਗਿਣਤੀ ਦੇ ਫਿਰਕਿਆਂ ਕੋਲੋਂ ਇਹ ਉਮੀਦ ਰਖਦੇ ਹਨ ਕਿ ਉਹ ਆਪਣੀ ਧਾਰਮਕ ਕੱਟੜਵਾਦ ਨੂੰ ਤਿਆਗਣ ਪਰ ਆਪਣੀ ਕੱਟੜਵਾਦ ਨੂੰ ਉਹ ਰਾਸ਼ਟਰਵਾਦ ਦਾ ਨਾਂ ਹੀ ਦੇਂਦੇ ਹਨ। ਹੁਣ ਰਾਸ਼ਟਰਵਾਦੀ ਮੁਸਲਮਾਨਾਂ ਨੇ ਤਾਂ ਇਹੋ ਪਹਿਲ ਕੱਦਮੀ ਕੀਤੀ ਹੈ। ਦੇਖਣਾ ਹੈ ਕਿ ਰਾਸ਼ਟਰਵਾਦੀ ਹਿੰਦੂ ਆਪਣੀਆਂ ਸ਼ੁਭ ਇਛਾਵਾਂ ਵਿਚ ਰਾਸ਼ਟਰਵਾਦੀ ਮੁਸਲਮਾਨਾਂ ਨੂੰ ਕੀ ਤੋਹਫਾ ਦੇਂਦੇ ਹਨ ? ਤਾੜੀ ਇਕ ਹੱਥ ਨਾਲ ਨਾਂ ਵਜਦੀ ਹੈ ਅਤੇ ਨਾਂ ਵਜਨੀ ਚਾਹੀਦੀ ਹੈ। ਹਿੰਦ ਸਮਾਚਾਰ ਗਰੁੱਪ ਦੀਆਂ ਅਖਬਾਰਾਂ ਦਾ ਫਰਜ਼ ਹੈ ਕਿ ਕਦੀ ਕਦੀ ਹਿੰਦੂ ਸੰਮੇਲਣੀਆਂ ਨੂੰ ਵੀ ਕੋਈ ਨਸੀਅਤ ਦੇ ਦਿਆ ਕਰਨ। ਇਹ ਸਚਾਈ ਹੈ ਕਿ ਘੱਟ ਗਿਣਤੀ ਦੇ ਲੋਕਾਂ ਵਿਚ ਧਾਰਮਕ ਕੱਟੜਵਾਦ ਦੀਆਂ ਜੜ੍ਹਾਂ ਲਗਾਉਣ ਵਿਚ ਹਿੰਦੂ ਸ਼ਾਵਨਵਾਦੀਆਂ ਦੀ ਵੀ ਬਹੁਤ ਭੂਮਿਕਾ ਹੈ।

## o ਚੰਬਲ ਦੇ ਡਾਕੂਆਂ ਨੂੰ ਪੰਜਾਬ ਭੇਜਣ ਦੀਆਂ ਸਲਾਹਾਂਵਾਂ ਦੇਣ ਵਾਲੇ ਕਾਂਗਰਸੀ ਲੀਡਰ

ਪਾਰਲੀਮੈਂਟ ਵਿਚ ਇਕ ਕਾਂਗਰਸੀ ਮੈਂਬਰ ਨੇ ਇਹ ਤਜਵੀਜ਼ ਪੇਸ਼ ਕੀਤੀ ਕਿ ਪੰਜਾਬ ਵਿਚ ਅਤਿ-ਵਾਦੀਆ ਦਾ ਮਸਲਾ ਨਿਜੱਠਨ ਲਈ ਜਾਂ ਇਹ ਕਹਿ ਲਵੋ ਅਤਿਵਾਦੀਆਂ ਨਾਲ ਨਿਬੜਨ ਲਈ ਚੰਬਲ ਦੇ ਸਾਬਕਾ ਡਾਕੂਆਂ ਨੂੰ ਪੰਜਾਬ ਵਿਚ ਭੇਜਿਆ ਜਾਏ ਜੋ ਹਰ ਕਿਸਮ ਦੇ ਹਥਿਆਰ ਚਲਾਉਣ ਦੇ ਮਾਹਿਰ ਹਨ। ਪਾਰਲੀਮੈਂਟ ਵਿਚ ਇਸ ਤਜਵੀਜ਼ ਉਤੇ ਹਾਸਾ ਪਿਆ ਤੇ ਗੱਲ ਆਈ ਗਈ ਹੋ ਗਈ। ਪਰ ਇਹ ਗੱਲ ਆਈ ਗਈ ਕਰਨ ਵਾਲੀ ਨਹੀਂ। ਇਹ ਪੰਜਾਬ ਦੇ ਬਾਹਰ ਦੇ ਕਾਂਗਰਸੀਆਂ ਦੀ ਮਾਨਸਕਤਾ ਨੂੰ ਪੂਰੀ ਤਰ੍ਹਾਂ ਪਰਗਟਾਉਂਦੀ ਹੈ। ਇਸ ਮਾਨਸਕਤਾ ਅਨੁਸਾਰ ਪੰਜਾਬ ਦਾ ਮਸਲਾ ਕੋਈ ਸਿਆਸੀ ਮਸਲਾ ਨਹੀਂ ਤੇ ਇਹਨਾਂ ਨੂੰ ਡਾਕੂਆਂ ਦੀ ਪੱਧਰ ਤੇ ਨਿਪਟਿਆ ਜਾ ਸਕਦਾ ਹੈ। ਪੰਜਾਬ ਬਾਰੇ ਪਾਰਲੀਮੈਂਟ ਵਿਚ ਹੋਈ ਸਾਰੀ ਬਹਿਸ ਦਾ ਜੇਕਰ ਨੋਟਿਸ ਲਿਆ ਜਾਏ ਤਾਂ ਇਹ ਸਾਫ ਹੈ ਕਿ ਦੇਸ਼ ਦੀ ਇਸ ਸਰਵ ਉਚਤਮ ਸੰਸਥਾ ਦੇ ਮੈਂਬਰਾਂ ਨੂੰ

ਨਾਂ ਹੀ ਪੰਜਾਬ ਦੇ ਬਾਰੇ ਕੋਈ ਸਹੀ ਖਬਰ ਹੈ ਤੇ ਨਾਂ ਹੀ ਉਹਨਾਂ ਵਿਚ ਕੋਈ ਇਸ ਮਸਲੇ ਬਾਰੇ ਸੰਜੀਦਗੀ ਹੈ। ਉਹਨਾਂ ਨੇ ਇਹ ਸੋਚ ਬਣਾਈ ਹੈ ਕਿ ਇਹ ਮਸਲਾ ਕੁਝ ਹਥਿਆਰ ਬੰਦ ਲੋਕਾਂ ਦਾ ਹੈ, ਜਿਨ੍ਹਾਂ ਨਾਲ ਰੀਬੇਰੋ ਵੀ ਨਿਬੜ ਸਕਦਾ ਹੈ ਤੇ ਚੰਬਲ ਘਾਟੀ ਦੇ ਡਾਕੂ ਵੀ ਨਿੰਬੜ ਸਕਦੇ ਹਨ। ਪੰਜਾਬ ਦੇ ਕਾਂਗਰਸੀ ਐਮ ਪੀਆਂ ਨੇ ਇਕ ਵੀ ਸ਼ਬਦ ਇਸ ਗੈਰ ਜਿਮੇਵਾਰ ਸੋਚ ਦੇ ਵਿਰੁੱਧ ਨਹੀਂ ਆਖਿਆ। ਉਹਨਾਂ ਨੂੰ ਇਸ ਗੱਲ ਲਈ ਸ਼ਰਮ ਆਉਣੀ ਚਾਹੀਦੀ ਹੈ। ਕਾਂਗਰਸ ਸੈਕਟਰੀ ਗੁਲਾਮ ਨੱਬੀ ਨੇ ਆਪਣੇ ਪੰਜਾਬ ਦੌਰੇ ਵਿਚ ਇਹ ਸੱਦਾ ਦਿਤਾ ਕਿ ਪੰਜਾਬ ਦੇ ਲੋਕਾਂ ਨੂੰ ਅਤਿਵਾਦੀਆਂ ਦੇ ਹਾਮੀਆਂ ਦਾ ਬਾਈਕਾਟ ਕਰਨਾ ਚਾਹੀਦਾ ਹੈ। ਬਣਦਾ ਇਹ ਹੈ ਕਿ ਪੰਜਾਬ ਦੇ ਲੋਕਾਂ ਨੂੰ ਇਹਨਾਂ ਕਾਂਗਰਸੀਆਂ ਦਾ ਬਾਈਕਾਟ ਕਰਨਾ ਚਾਹੀਦਾ ਹੈ, ਜਿੰਨ੍ਹਾਂ ਦੀ ਪਾਰਟੀ ਵਿਚ ਐਸੇ ਬੇਹੂਦਾ ਲੋਕ ਹਨ, ਜਿੰਨ੍ਹਾਂ ਨੇ ਬੀੜਾ ਚੁਕਿਆ ਹੋਇਆ ਹੈ ਕਿ ਮਸਲੇ ਦਾ ਹਲ ਕੋਈ ਨਹੀਂ ਕਰਨਾ ਸਗੋਂ ਲੋਕਾਂ ਦੇ ਜ਼ਖਮਾਂ ਉਤੇ ਲੂਣ ਹੀ ਲਗਾਉਣਾ ਹੈ।

0

## "ਰਾਜੀਵ ਦੀ ਸੱਤਾ ਉਖਾੜ ਦਿੱਤੀ ਜਾਵੇਗੀ"

(ਵਿਚਾਰ ਚਰਚਾ ਲਈ ਨਾਗ ਭੂਸ਼ਨ ਪਟਨਾਇਕ ਚੇਅਰਮੈਨ ਆਈ. ਪੀ. ਐਫ ਦੀ ਇਕ ਤਕਰੀਰ ਦਾ ਸਾਰੰਸ਼)

ਮੈਂ ਵਿਸ਼ੇਸ਼ ਤੌਰ ਤੇ ਕਿਸਾਨਾਂ ਅਤੇ ਪਿੰਡਾਂ ਵਿਚੋਂ ਆਈ ਜਨਤਾ ਨੂੰ ਸਲਾਮ ਕਰਨੀ ਚਾਹੁੰਦਾ ਹਾਂ ਜੋ ਕਿ ਹੜ੍ਹਾਂ ਅਤੇ ਸੋਕੇ ਨੂੰ ਝੇਲਦੇ ਹੋਏ ਵੀ ਭ੍ਰਿਸ਼ਟ ਰਾਜੀਵ ਸਰਕਾਰ ਨੂੰ ਉਖਾੜਨ ਲਈ ਦੂਰ ਦੁਰਾਡੇ ਤੋਂ ਏਥੇ ਆਏ ਹਨ। ਅਜ ਮੇਰੇ ਸੀਨੇ ਵਿਚ ਜੋ ਦਿਲ ਧੜਕ ਰਿਹਾ ਹੈ ਉਸ ਦੀ ਧੜਕਣ ਹਿੰਦੋਸਤਾਨ ਦੀਆਂ ਧੜਕਣਾਂ ਦੇ ਨਾਲ ਹੈ। ਮੈਂ ਜਦ 12 ਸਾਲ ਜੇਲ ਵਿਚ ਰਿਹਾ ਤਦ ਵੀ ਮੈਂ ਇਹਨਾਂ ਧੜਕਣਾਂ ਦੇ ਨਾਲ ਜੁੜਿਆ ਰਿਹਾ ਤੇ ਅੱਜ ਮੈਂ ਤੁਹਾਡੇ ਨਾਲ ਵਾਅਦਾ ਕਰਦਾ ਹਾਂ ਕਿ ਤੁਹਾਡੇ ਲਈ ਮੈਨੂੰ ਕਿਸੇ ਵੀ ਤਿਆਗ ਦੀ ਜ਼ਰੂਰਤ ਪਈ ਤਾਂ ਮੈਂ ਉਸ ਤਿਆਗ ਤੋਂ ਪਿਛੇ ਨਹੀਂ ਹਟਾਂਗਾ ਅਤੇ ਜੇਕਰ ਇਕ ਵਾਰ ਫਿਰ ਮੈਨੂੰ ਫਾਂਸੀ ਤੇ ਵੀ ਚੜ੍ਹਨਾ ਪਿਆ ਤਾਂ ਮੈਂ ਉਸਦੇ ਲਈ ਵੀ ਬਿਲਕੁਲ ਤਿਆਰ ਹਾਂ।

ਮੈਨੂੰ ਖੁਸ਼ੀ ਹੈ ਕਿ ਅੱਜ ਮੈਂ ਐਸੇ ਇਕੱਠ ਸਾਹਮਣੇ ਨਹੀਂ ਖੜਾ ਜਿਸ ਨੂੰ ਦੇਸ਼ ਦੀਆਂ ਹਾਲਤਾਂ ਦੇ ਬਾਰੇ ਵਿਚ ਕੁਝ ਵੀ ਮਲੂਮ ਨਾ ਹੋਵੇ, ਬਲਕਿ ਇਹੋ ਜਿਹੇ ਲੋਕਾਂ ਦੇ ਵਿਚਕਾਰ ਹਾਂ ਜਿਹੜੇ ਚੰਗੀ ਤਰ੍ਹਾਂ ਜਾਣਦੇ ਹਨ ਕਿ ਅਜ ਦੇਸ਼ ਵਿਚ ਕਿਸ ਤਰ੍ਹਾਂ ਦਾ ਭ੍ਰਿਸ਼ਟ ਸਾਸ਼ਨ ਚਲ ਰਿਹਾ ਹੈ। ਅਤੇ ਰਾਜੀਵ ਗਾਂਧੀ ਦੀ ਤਾਨਾਸ਼ਾਹੀ ਉਹਦੀ ਮਾਂ ਦੀ ਤਾਨਾਸ਼ਾਹੀ ਨੂੰ ਵੀ ਮਾਤ ਪਾ ਚੁਕੀ ਹੈ। ਫੌਜੀ ਨੌਕਰਸ਼ਾਹਾਂ, ਰਾਜਨੇਤਾਵਾ ਅਤੇ ਪੂੰਜੀਪਤੀਆਂ ਦੇ ਜਿਸ ਗੱਠਜੋੜ ਦਾ ਸ਼ਾਸਨ ਅਜ ਚਲ ਰਿਹਾ ਹੈ। ਅਜ ਉਹੀ ਗਠਜੋੜ ਜਨਤਾ ਦੇ ਲਈ ਚਨੌਤੀ ਬਣ ਚੁਕਾ ਹੈ। ਇਹ ਗਠਜੋੜ ਬੁਧੀਜੀਵੀਆਂ ਦੀ ਬਾਜ਼ੀਗਰੀ ਨਹੀਂ ਬਲਕਿ ਜਨਤਾ ਇਸ ਨੂੰ ਖੁਦ ਝੇਲ ਰਹੀ ਹੈ। ਅਜ ਸਿਖਰ ਤੇ ਭ੍ਰਿਸ਼ਟਾਚਾਰ ਹੈ ਇਹ ਇਥੇ ਗਠਜੋੜ ਦੀ ਦੇਣ ਹੈ। ਜੇਕਰ ਇਹ ਮਹਿਸੂਸ ਕਰਦੇ ਹਨ ਕਿ ਹਰ ਸਮੱਸਿਆ ਦਾਂ ਰਾਜੀਵ ਹਲ 'ਫੌਜੀ ਹਲ' ਹੈ ਤਾਂ ਇਹ ਵੀ ਇਸੇ ਗਠਜੋੜ ਕਰਕੇ ਹੀ ਹੈ। ਕਿਸਾਨ ਸੰਘਰਸ਼ਾਂ ਨੂੰ ਜੇਕਰ ਦਮਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤਾਂ ਇਸੇ ਗਠਜੋੜ ਦੀ ਵਜ੍ਹਾ ਕਰਕੇ ਤੇ ਖਾਸ ਕਰ ਬਿਹਾਰ ਵਿਚ ਜੇਕਰ ਹਰ ਰੋਜ਼ ਇਕ ਜਲ੍ਹਿਆਂ ਵਾਲਾ ਬਾਗ ਕਾਂਡ ਵਾਪਰਨ ਦੀ ਸੰਭਾਵਨਾ ਬਣੀ ਰਹਿੰਦੀ ਹੈ ਤਾਂ ਇਹਦੇ ਲਈ ਵੀ ਇਹੀ ਗੱਠਜੋੜ ਜ਼ੁਮੇਵਾਰ ਹੈ।

ਭਾਰਤੀ ਆਰਥਿਕ ਵਿਵਸਥਾ ਦਾ ਸਭ ਤੋਂ ਵੱਡਾ ਖਤਰਾ ਰਾਜੀਵ ਦੀ ਬਜਟ ਨੀਤੀ ਨਾਲ ਆਇਆ ਸੀ ਜਿਸ ਵਿਚ ਸੁਰੱਖਿਆ ਦੇ ਨਾਂ ਤੇ ਸਾਢੇ ਬਾਰਾਂ ਸੌ ਕਰੋੜ ਰੁਪਏ ਖਰਚ ਕਰਨ ਦਾ ਪ੍ਰਸਤਾਵ ਪਾਸ ਕੀਤਾ ਗਿਆ ਸੀ। ਇਹ ਅੰਧ ਰਾਸ਼ਟਰਵਾਦ ਭਾਵਨਾ ਨੂੰ ਉਭਾਰਨ ਦੀ ਕਾਰਵਾਈ ਸੀ। ਅਤੇ ਇਸ ਲਈ ਰਾਜੀਵ ਗਾਂਧੀ ਨੇ ਕਿਹਾ ਸੀ ਕਿ ਜੋ ਕੋਈ ਵੀ ਇਸ ਬਜਟ ਦਾ ਵਿਰੋਧ ਕਰਦਾ ਹੈ, ਉਹ ਦੇਸ਼ ਧਰੋਹੀ ਤੇ ਕੌਮ ਦਾ ਗ਼ਦਾਰ ਹੈ। ਅਜੇ ਢਾਈ ਸਾਲ ਵੀ ਨਹੀਂ ਗੁਜ਼ਰੇ ਕਿ ਰਾਜੀਵ ਦੇ ਕੀਤੇ ਵਾਅਦਿਆਂ ਦਾ ਨਕਾਬ ਉਤਰ ਗਿਆ ਅਤੇ ਇਹ—ਸਾਫ ਹੋ ਗਿਆ ਕਿ ਸੱਚਮੁੱਚ ਦੇਸ਼ ਧਰੋਹੀ ਕੌਣ ਹੈ।

ਹਥਿਆਰਾਂ ਦੀ ਖਰੀਦਦਾਰੀ ਦੇ ਪਿਛੇ ਉਹਨਾਂ ਦਾ ਕਮਿਸ਼ਨ ਖਾਣ ਦਾ ਉਦੇਸ਼ ਹੈ, ਇਹ ਕਿਸੇ ਤੋਂ ਛੁਪੀ ਹੋਈ ਗੱਲ ਨਹੀਂ। ਇਸ ਲਈ ਚੀਨ ਅਤੇ ਪਾਕਿਸਤਾਨ ਦੀ ਤਾਂ ਕੌਣ ਕਹੇ ਇਹ ਸ੍ਰੀ ਲੰਕਾ ਅਤੇ ਬਰਮਾ ਵਰਗੇ ਦੇਸ਼ਾਂ ਦੇ ਨਾਲ ਵੀ ਮਿੱਤਰਤਾ ਬਣਾ ਕੇ ਨਹੀਂ ਰੱਖ ਸਕਦਾ। ਆਈ. ਪੀ. ਐਫ. ਸਮਝਦਾ ਹੈ ਕਿ ਸ੍ਰੀ ਲੰਕਾ ਦੀ ਸਮੱਸਿਆ ਉਸਦਾ ਅੰਦਰੂਨੀ ਮਾਮਲਾ ਹੈ ਅਤੇ ਇਸ ਮਾਮਲੇ ਵਿਚ ਕੋਈ ਬਾਹਰੀ ਦਖਲ-ਅੰਦਾਜ਼ੀ ਠੀਕ ਨਹੀਂ ਲੇਕਿਨ ਰਜੀਵ ਗਾਂਧੀ ਨੇ ਇਕ ਪੱਖ ਤੇ ਖੜੇ ਹੋ ਕੇ

ਅੱਜ ਹਿੰਦੋਸਤਾਨ ਦੀ ਫੌਜ ਨੂੰ ਉਥੋਂ ਦੇ ਲੜਾਕੂ ਤਾਮਿਲ ਦੇ ਖਿਲਾਫ ਖੜਾ ਕਰ ਦਿਤਾ ਹੈ। ਫੌਜ ਤੇ ਹਥਿਆਰਾਂ ਤੇ ਹੋ ਰਿਹਾ ਕਰੋੜਾਂ ਰੁਪਏ ਦਾ ਖਰਚਾ ਕੀ ਸਾਡੇ ਬਜਟ ਤੇ ਬੋਝ ਨਹੀਂ ? ਅਜ ਜਨਤਾ ਦੇ ਸਾਹਮਣੇ ਖੜੀ ਸਮੱਸਿਆ ਦੇ ਹੱਲ ਦੇ ਸਵਾਲ ਤੇ ਸਥਿਰਤਾ ਤੇ ਅਸੁਰੱਖਿਆ ਦਾ ਸਵਾਲ ਉਠਾਇਆ ਜਾ ਰਿਹਾ ਹੈ। ਮੈਂ ਕਹਿੰਦਾ ਹਾਂ, ਕਿ ਇਹ ਖਤਰਾ ਉਸਦੀ ਸੱਤਾ ਜਾਂ ਕੁਰਸ਼ੀ ਦਾ ਖਤਰਾ ਹੈ। ਅਤੇ ਰਾਜੀਵ ਗਾਂਧੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਕਾਂਗਰਸ ਦੇ ਨਾਲ ਦੇਸ਼ ਦੀ ਤਕਦੀਰ ਨਹੀਂ ਜੁੜੀ ਹੋਈ ਇਸ ਲਈਂ ਰਾਜੀਵ ਗਾਂਧੀ ਤੇਰੀ ਸੱਤਾ ਉਖਾੜ ਦਿਤੀ ਜਾਵੇਗੀ। ਲੇਕਿਨ ਹਿੰਦੋਸਤਾਨ ਉਹੀ ਗੰਗਾ ਦਾ ਦੇਸ਼ ਰਹੇਗਾ ਅਤੇ ਜਨਤਾ ਵੀ ਉਹੀ ਰਹੇਗੀ ਅਤੇ ਤੂੰ ਕਹਿੰਦਾ ਹੈਂ ਕਿ ਮੈਂ ਅਤੇ ਮੇਰੇ ਪਰਿਵਾਰ ਨੇ ਕਮਿਸ਼ਨ ਨਹੀਂ ਖਾਧਾ ? ਜੇਕਰ ਤੇਰੇ ਵਿਚ ਥੋੜੀ ਜਿਹੀ ਵੀ ਸ਼ਰਮ ਹੁੰਦੀ ਤਾਂ ਤੂੰ ਕੁਰਸੀ ਛੱਡ ਦਿੰਦਾ।

ਲੇਕਿਨ ਸਾਥੀਓ, ਆਪਣੇ ਚਮਚੇ ਸ਼ੰਕਰਾ ਨੰਦ ਅਤੇ ਜੀ ਹਜ਼ੂਰੀ ਕਰਨ ਵਾਲੀਆਂ ਪਾਰਟੀਆਂ ਦੀ ਰਾਏ ਤੇ ਇਕ ਸੰਯੁਕਤ ਜਾਂਚ ਕਮੇਟੀ ਬਣਾਈ ਗਈ ਹੈ। ਮੈਂ ਕਹਿੰਦਾ ਹਾਂ ਕਿ ਇਹ ਕਮੇਟੀ ਵੀ ਉਹੀ ਕੁਝ ਕਰੇਗੀ ਜੋ ਰਜੀਵ ਦੇ ਪੱਖ ਵਿਚ ਜਾਂਦਾ ਹੈ। ਲੇਕਿਨ ਇਸ ਬੋਫਰਜ਼ ਦੀ ਸੌਦੇਬਾਜ਼ੀ ਨੇ ਦੇਸ਼ ਦੀ ਸੁਰੱਖਿਆ ਨੂੰ ਹੀ ਖਤਰੇ ਵਿਚ ਪਾ ਦਿਤਾ ਹੈ। ਇਸ ਲਈ ਅੱਜ ਦੇਸ਼ ਦੀ ਸੁਰੱਖਿਆ ਨੂੰ ਹੀ ਖਤਰੇ ਵਿਚ ਪਾ ਦਿਤਾ ਹੈ। ਇਸ ਲਈ ਅੱਜ ਦੇਸ਼ ਦੀ ਸੁਰੱਖਿਆ ਲਈ ਜੇਕਰ ਕੋਈ ਸਭ ਤੋਂ ਵੱਡਾ ਖਤਰਾ ਹੈ ਤਾਂ ਉਹ ਰਾਜੀਵ ਗਾਂਧੀ ਤੋਂ ਹੈ। ਅਤੇ ਆਈ. ਪੀ. ਐਫ਼. ਨੇ ਸਭ ਤੋਂ ਪਹਿਲਾਂ ਇਹ ਮਹਿਸੂਸ ਕਰ ਲਿਆ ਹੈ ਕਿ ਦੇਸ਼ ਵਿਚ ਸੰਕਟ ਕ੍ਰਾਲੀਨ ਦੇ ਚਿੰਨ ਨਜ਼ਰ ਆ ਰਹੇ ਹਨ। ਇਸ ਲਈ ਰਜੀਵ ਹਟਾਉ ਦੇ ਸਵਾਲ ਤੇ ਅਸੀਂ ਸਭ ਤੋਂ ਪਹਿਲਾਂ ਆਪਣੀ ਪਹਿਲ ਕਦਮੀ ਤੇਜ਼ ਕੀਤੀ। ਲੇਕਿਨ ਸਾਡੇ ਇਸ ਅੰਦੋਲਨ ਨੂੰ ਖਬੇ ਪੱਖੀ ਸ਼ਕਤੀਆਂ ਨੇ ਸਵਿਕਾਰ ਨਹੀਂ ਕੀਤਾ ਇਸ ਦੇ ਬਾਵਜੂਦ ਅਸੀਂ ਆਪਣੀ ਸ਼ਕਤੀ ਦੇ ਨਾਲ ਚਲ ਰਹੇ ਜਿਸਦੀ ਇਕ ਪਰਤੱਖ ਉਦਾਹਰਣ 15 ਅਕਤੂਬਰ 1987 ਨੂੰ ਪਟਨਾ ਦੇ ਗਾਂਧੀ ਮੈਦਾਨ ਵਿਚ ਕੀਤੀ ਇਹ ਰੈਲੀ ਹੈ। ਇਸ ਤੋਂ ਬਾਅਦ ਅਸੀਂ ਦਿੱਲੀ ਵਿਚ ਆਪਣਾ ਰਾਸ਼ਟਰੀ ਸੰਮੇਲਣ ਕਰਨ ਜਾ ਰਹੇ ਹਾਂ ਅਤੇ ਦਿੱਲੀ ਵਿਚ ਇਕ ਰੈਲੀ ਕਰਨ ਦਾ ਨਿਸ਼ਚਾ ਕੀਤਾ ਹੈ।

ਅਸੀਂ ਹੁਣ ਵੀ ਖਬੇ ਪੱਖੀ ਸ਼ਕਤੀਆਂ ਦੇ ਨਾਲ ਸੰਯੁਕਤ ਮੋਰਚਾ ਬਨਾਉਣ ਲਈ ਆਪਣਾ ਦਰਵਾਜ਼ਾ ਖੁਲ੍ਹਾ ਛੱਡ ਰਖਿਆ ਹੈ। ਲੇਕਿਨ ਵਖ ਵਖ ਸੂਬਿਆਂ ਵਿਚ ਜੋ ਗੈਰ ਕਾਂਗਰਸੀ ਸਰਕਾਰਾਂ ਬੈਠੀਆਂ ਹਨ। ਕਿ ਉਹ ਵੀ ਸੱਚਮੁਚ ਰਜੀਵ ਗਾਂਧੀ ਨੂੰ ਉਖਾੜਨਾ ਚਾਹੁੰਦੀਆਂ ਹਨ ? ਜੇਕਰ ਹਾਂ ਤਾਂ ਉਹ ਅੰਦੋਲਨ ਕਿਉਂ ਨਹੀਂ ਕਰਦੀਆਂ। ਸਤਾ ਦੇ ਸਿਖਰ ਤੇ ਹੋ ਰਹੇ ਭ੍ਰਿਸ਼ਟਾ-ਚਾਰ ਦੇ ਪੜਦਾਂ-ਚਾਕ ਨੇ ਵੀ. ਪੀ. ਸਿੰਘ ਨੂੰ ਵੀ ਚਰਚਿੱਤ ਬਣਾ ਦਿਤਾ ਹੈ। ਲੇਕਿਨ ਉਹ ਕਿਹੜੀ ਸ਼ਕਤੀ ਹੋਵੇਗੀ ਜੋ ਸਹੀ ਅਰਥਾਂ ਵਿਚ ਭ੍ਰਿਸ਼ਟਾਚਾਰ ਦੇ ਖਾਤਮੇ ਦਾ ਕੰਮ ਕਰੇਗੀ ? ਸਾਡਾ ਜਵਾਬ ਹੈ—ਖਬੇ ਪੱਖੀ ਜਨਵਾਦੀ ਸ਼ਕਤੀਆਂ। ਵੀ. ਪੀ. ਸਿੰਘ ਦੀ ਭ੍ਰਿਸ਼ਟਾਚਾਰ ਦੇ ਖਿਲਾਫ ਆਪਣੀ ਪਹਿਲ ਕਦਮੀ ਖੁਸ਼ੀ ਦੀ ਗੱਲ ਹੈ। ਲੇਕਿਨ ਮਜ਼ਦੂਰ ਅਤੇ ਜਨਵਾਦ-ਵਿਰੋਧੀ। ਉਹਨਾਂ ਕਾਨੂੰਨਾਂ ਦੇ ਬਾਰੇ ਆਪਣਾ (ਵੀ. ਪੀ. ਸਿੰਘ) ਕੀ ਵਿਚਾਰ ਹੈ ਜਿਨ੍ਹਾਂ ਦੇ ਨਿਰਮਾਣ ਵਿਚ ਆਪਦੀ ਵੀ ਹਿਸੇਦਾਰੀ ਸੀ ? ਆਪ ਇਹ ਵੀ ਸਪਸ਼ਟ ਕਰੋ ਕਿ ਖਬੇ ਪੱਖੀ ਸ਼ਕਤੀਆਂ ਨਾਲ ਆਪਦਾ (ਵੀ. ਪੀ. ਸਿੰਘ) ਰਿਸ਼ਤਾ ਕੀ ਹੋਵੇਗਾ ? ਅਤੇ ਅਜ ਅਸੀਂ ਸਪਸ਼ਟ ਸ਼ਬਦਾਂ ਵਿਚ ਘੋਸ਼ਣਾ ਕਰਦੇ ਹਾਂ ਕਿ ਕਿਸੇ ਖਾਸ ਸਮੇਂ ਵਿਚ ਅਸ਼ੀਂ ਵੀ. ਵੀ. ਪੀ. ਦੇ ਨਾਲ ਵੀ ਸਮਝੌਤਾ ਕਰ ਸਕਦੇ ਹਾਂ ਲੇਕਿਨ ਅਜ ਦੀ ਸਥਿਤੀ ਵਿਚ ਅਸੀਂ ਖਬੇ ਪਖੀ ਸ਼ਕਤੀਆਂ ਦੀ ਏਕਤਾ ਚਾਹੁੰਦੇ ਹਾਂ ਇਸ ਲਈ ਕਿ ਦਖਣਪੰਥੀ ਸ਼ਕਤੀਆਂ ਰਾਜਨੀਤੀ ਦੇ ਫਿਰਕੂਪਣ ਤੇ ਅਮਲ ਕਰਦੀਆਂ ਹਨ।

ਸਾਨੂੰ ਤਾਂ ਵੀ. ਪੀ. ਸਿੰਘ ਦੀ ਜਨਸਤਾ ਦੇ ਬਾਰੇ ਵਿਚ ਜਾਨਣ ਤੇ ਹੈਰਾਨੀ ਹੋ ਰਹੀ ਹੈ ਕਿ ਕੁਬਰਸੈਨਾ ਅਤੇ ਮਾਫੀਆ ਸ਼ਕਤੀਆਂ ਦੇ ਨਾਲ ਉਹਨਾਂ ਦਾ ਸਬੰਧ ਬਣਿਆ ਹੋਇਆ ਹੈ। ਮੈਂ ਵੀ. ਪੀ. ਸਿੰਘ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਹਨਾਂ ਸ਼ਕਤੀਆਂ ਨੂੰ ਨਾਲ ਲੈ ਕੇ ਤੁਸੀਂ ਬਦਲ ਬਨਾਉਣ ਦੀ ਗੱਲ ਕਰਦੇ ਹੋ ? ਰਜੀਵ ਦਾ ਬਦਲ ਕੀ ਹੋਵੇਗਾ ਜਨਤਾ ਇਹ ਸਵਾਲ ਬਰਾਬਰ ਉਠਾ ਰਹੀ ਹੈ ਅਤੇ ਸਾਨੂੰ ਹੈਰਾਨੀ ਹੈ ਕਿ ਤਿੰਨ ਰਾਜਾਂ ਵਿਚ ਸਰਕਾਰ ਚਲਾਉਣ ਵਾਲੀ ਸੀ. ਪੀ. ਐਮ. ਨੇ ਵੀ ਇਕ ਸਮੇਂ ਕਿਹਾ ਸੀ ਕਿ ਰਜੀਵ ਗਾਂਧੀ ਦਾ ਕੋਈ ਬਦਲ ਨਹੀਂ ਹਲਾਂਕਿ ਜਨਤਾ ਦੇ ਦਬਾਅ ਵਿਚ ਆ ਕੇ ਉਹਨਾਂ ਨੂੰ ਵੀ ਬਦਲ ਦੀ ਗੱਲ ਸੋਚਣੀ ਪੈ ਰਹੀ ਹੈ। ਲੇਕਿਨ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਿਰਫ ਅਤੇ ਸਿਰਫ ਜਨਤਾ ਦਾ ਸੰਘਰਸ਼ ਹੀ ਉਹੀ ਤਾਕਤ ਹੋਵੇਗੀ ਜੋ ਰਾਜੀਵ ਗਾਂਧੀ ਨੂੰ ਸਤਾ ਵਿਚੋਂ ਉਖਾੜ ਸਕਦੀ ਹੈ ਇਸ ਲਈ ਅਸੀਂ ਸਾਰੀਆਂ ਖੱਬੇ ਪੱਖੀ ਸ਼ਕਤੀਆਂ ਅਤੇ ਵੀ. ਪੀ. ਸਿੰਘ ਦੀ ਕਤਾਰਾਂ ਨੂੰ ਸੱਦਾ ਦਿੰਦੇ ਹਾਂ ਕਿ ਰਾਜੀਵ ਹਟਾਉਣ ਦਾ ਸਵਾਲ ਤੇ ਅਸੀਂ ਤੁਹਾਡੇ ਨਾਲ ਚੱਲਣ ਲਈ ਤਿਆਰ ਹਾਂ ਬਸ਼ਰਤੇ ਕਿ ਆਪਣੀ ਸਥਿਤੀ ਸਪੱਸ਼ਟ ਕਰੋ।

ਵਿਕੱਲਪ (ਬਦਲ) ਦੇ ਸਵਾਲ ਦੇ ਨਾਲ ਅੱਜ ਇੱਕ ਹੋਰ ਸਵਾਲ ਉੱਠ ਖੜਾ ਹੁੰਦਾ ਹੈ ਕਿ ਰਾਜੀਵ ਦੇ ਹਟਦੇ ਹੀ ਦੇਸ਼ ਨੇਤਾਹੀਨ ਹੋ ਜਾਵੇਗਾ ਲੇਕਿਨ ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਜੋ ਖੱਬੇ ਪੱਖੀ ਸ਼ਕਤੀਆਂ ਸੰਘਰਸ਼ਾਂ ਦੀ ਅਗਵਾਈ ਕਰ ਰਹੀਆਂ ਹਨ ਕਲ੍ਹ ਨੂੰ ਓਹੀ ਸ਼ਕਤੀਆਂ ਦੇਸ਼ ਦੀ ਵਾਗਡੋਰ ਸੰਭਾਲ ਲੈਣਗੀਆਂ। ਵਿਰੋਧੀ ਦਲਾਂ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਅੰਦੋਲਨ ਨਹੀਂ ਕਰਨਾ ਚਾਹੁੰਦੇ। ਇਹ ਇਸ ਲਈ ਅੰਦੋਲਨ ਨਹੀਂ ਕਰਨਾ ਚਹੁੰਦੀਆਂ ਕਿਉਂਕਿ ਉਨ੍ਹਾਂ ਨੂੰ ਡਰ ਹੈ ਕਿ ਉਹਨਾਂ ਦੀਆਂ ਰਾਜ ਸਰਕਾਰਾਂ ਨੂੰ ਉਖਾੜ ਦਿਤਾ ਜਾਵੇਗਾ। ਲੇਕਿਨ ਮੈਂ ਵਿਸ਼ਵਾਸ਼ ਦਵਾਉਣਾ ਚਾਹੁੰਦਾ ਹਾਂ ਕਿ ਜਦ ਉਹ ਜਨ ਸੰਘਰਸ਼ਾਂ ਦੇ ਨਾਲ ਹਨ ਤਾਂ ਇਕ ਬਾਰ ਉਖਾੜ ਦੇਣ ਦੇ ਬਾਅਦ ਵੀ ਜਨਤਾ ਉਹਨਾਂ ਨੂੰ ਸਤਾ ਤੇ ਬੈਠਾ ਦੇਵੇਗੀ।

ਵੀ. ਪੀ ਸਿੰਘ ਨੇ ਤਾਂ ਕਈ ਭਰਮ ਪੈਦਾ ਕਰ ਦਿਤੇ ਹਨ, ਲੇਕਿਨ ਮੈਂ ਦਸ ਦੇਣਾ ਚਾਹੁੰਦਾ ਹਾਂ ਕਿ ਕੋਈ ਇਕ ਵਿਅਕਤੀ ਦੇਸ਼ ਦੇ ਇਤਿਹਾਸ ਦਾ ਸਿਰ-ਜਨਹਾਰ ਨਹੀਂ ਹੋ ਸਕਦਾ, ਇਹ ਇਨਕਲਾਬੀ ਜਨਤਾ ਹੀ ਹੁੰਦੀ ਹੈ ਜੋ ਦੇਸ਼ ਦੇ ਇਤਿਹਾਸ ਦਾ ਨਿਰਮਾਣ ਕਰਦੀ ਹੈ ਅਤੇ ਅੱਜ ਮੈਂ ਬਿਹਾਰ ਦੀ ਜਨਤਾ ਨੂੰ ਅਪੀਲ ਕਰਦਾ ਹਾਂ ਕਿ ਤੁਸੀਂ ਕਈ ਗੌਰਵਸ਼ਾਲੀ ਅੰਦੋਲਨਾ, ਸੰਘਰਸ਼ਾਂ ਅਤੇ ਕੁਰਬਾਨੀਆਂ ਦੇ ਇਤਿਹਾਸ ਦੀ ਰਚਨਾ ਕੀਤੀ ਹੈ। ਤੁਸੀਂ ਕਈ ਵਾਰ ਦੇਸ਼ ਦੇ ਨਵਨਿਰਮਾਣ ਦੀ ਅਗਵਾਈ ਕੀਤੀ ਹੈ ਅਤੇ ਇਸ ਵਾਰ ਵੀ ਆਪਣੇ ਏਕਤਾ ਬਧ ਅੰਦੋਲਨਾਂ ਨਾਲ ਇਹ ਸਿਧ ਕਰ ਦਿਓ ਕਿ ਕਿਸੇ ਵੀ ਇਤਿਹਾਸ ਦੀ ਬੁਨਿਆਦ ਸਿਰਫ ਤੇ ਸਿਰਫ ਜਨਤਾ ਦੀ ਸੰਗਠਿਤ ਤਾਕਤ ਹੀ ਬਣ ਸਕਦੀ ਹੈ। ਅੱਜ ਦੇਸ਼ ਦੀ ਰਾਜਨੀਤੀ ਵਿਚ ਭ੍ਰਿਸ਼ਟਾਚਾਰ ਸੰਸਥਾਬਧ ਰੂਪ ਲੈ ਚੁੱਕਿਆ ਹੈ। ਜਿਸ ਦੇਸ਼ ਦਾ ਪ੍ਰਧਾਨ ਮੰਤਰੀ ਹੀ ਭ੍ਰਿਸ਼ਟ ਹੋਵੇ, ਉਸਦੇ ਮੁਖ ਮੰਤਰੀ ਕਿਵੇਂ ਭ੍ਰਿਸ਼ਟ ਨਹੀਂ ਹੋ ਸਕਦੇ। ਹੜ੍ਹਾਂ ਤੋਂ ਰਾਹਤ ਕੰਮਾਂ ਦੇ ਨਾਂ ਥੱਲੇ ਏਥੇ ਵੀ ਲੁੱਟ ਮੱਚੀ ਹੋਈ ਹੈ ਸਿਖਰ ਤੋਂ ਲੈ ਕੇ ਹੇਠਾਂ ਤੀਕ ਅਤੇ ਪਿੰਡਾਂ ਤੀਕ ਭ੍ਰਿਸ਼ਟਾਚਾਰ ਜੜ੍ਹਾਂ ਜਮਾਂ ਚੁੱਕਿਆ ਹੈ। ਸਾਨੂੰ ਵੀ ਭ੍ਰਿਸ਼ਟਾਚਾਰ ਦੇ ਖਿਲਾਫ ਹਰ ਪੱਧਰ ਤੇ ਸੰਘਰਸ਼ ਚਲਾਉਣਾ ਹੋਵੇਗਾ। ਮੈਂ ਵੱਖ ਵੱਖ ਪਾਰਟੀਆਂ ਦੇ ਸੰਸਦ ਅਤੇ ਵਿਧਾਇਕਾਂ ਨੂੰ ਵੀ ਅਪੀਲ ਕਰਦਾ ਹਾਂ ਕਿ ਉਹ ਵੀ ਅਸਤੀਫਾ ਦੇ ਕੇ ਜਨਸੰਘਰਸ਼ਾਂ ਦੇ ਨਾਲ ਜੁੜਨ, ਉਸ ਸਮੇਂ ਹੀ ਉਹ ਸਹੀ ਅਰਥਾਂ ਵਿਚ ਜਨਤਾ ਦੇ ਪ੍ਰਤਿਨਿਧ ਕਬੂਲ ਕੀਤੇ ਜਾਂ ਸਕਦੇ ਹਨ।

ਜੈ ਸੰਘਰਸ਼

ਅਨੁਵਾਦ : ਰਾਜਵਿੰਦਰ ਸਿੰਘ, ਮਾਨਸਾ

0

ਇਕ ਰਿਪੋਰਟ

## ਇਨਕਲਾਬੀ ਕਾਫਲੇ ਦੀ ਚੜ੍ਹਤ

ਇਨਕਲਾਬ ਦਾ ਸੁਨੇਹਾ ਘਰ ਘਰ ਪਹੁੰਚਾਣ ਲਈ ਇਨਕਲਾਬੀ ਕੇਂਦਰ ਪੰਜਾਬ ਨੇ ਨਵੰਬਰ ਦੇ ਮਹੀਨੇ ਤਿੰਨ ਵਡੇ ਪ੍ਰੋਗਰਾਮਾਂ ਨੂੰ ਸਿਰੇ ਚੜ੍ਹਾਇਆ। ਪਹਿਲਾ ਪ੍ਰੋਗਰਾਮ 9 ਨਵੰਬਰ ਮਾਨਸਾ ਦੇ ਇਲਾਕੇ ਵਿਚ ਇਨਕ-ਲਾਬੀ ਕੇਂਦਰ ਦੇ ਸਥਾਪਨਾ ਦਿਵਸ ਦੇ ਸੰਦਰਭ ਵਿਚ ਸੀ। 7, 8, 9, ਨਵੰਬਰ ਮਾਨਸਾ ਦੇ ਇਲਾਕੇ ਵਿਚ, ਮਾਨਸਾ ਕਾਲਜ, ਮੌੜ ਮੰਡੀ ਬਰੇਟਾ ਵਿਚ ਥਾਂ ਥਾਂ ਤੇ ਨੁੱਕਰ ਨਾਟਕ ਅਤੇ ਰੈਲੀਆਂ ਕੀਤੀਆਂ ਗਈਆਂ। 9 ਨਵੰਬਰ ਮਾਨਸਾ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਲੋਕਾਂ ਵਿਚ ਕੇਂਦਰ ਦੇ ਬੁਲਾਇਆ ਨੇ ਅਜੋਕੀ ਦੇਸ਼ ਅਤੇ ਪੰਜਾਬ ਦੀਆਂ ਹਾਲਤਾਂ ਉਤੇ ਬੋਲਦਿਆਂ ਇਹ ਸਿਧ ਕੀਤਾ ਕਿ ਗਰੀਬ ਲੋਕਾਂ ਦੀ ਮੁਕਤੀ ਇਨਕਲਾਬੀ ਸਿਆਸਤ ਦੀ ਜਿੱਤ ਦੇ ਨਾਲ ਹੀ ਹੋ ਸਕਦੀ ਹੈ। ਇਹ ਜਿੱਤ ਤਾਂ ਹੀ ਹੋ ਸਕਦੀ ਹੈ ਕਿ ਵਿਸ਼ਾਲ ਲੋਕਾਈ ਇਨਕਲਾਬ ਦੇ ਰਾਹ ਤੇ ਤੁਰੇਗੀ, ਦੂਸਰਾ ਪ੍ਰੋਗਰਾਮ 14 ਅਤੇ 15 ਨਵੰਬਰ ਨੂੰ ਗੁਰੂਸਰ ਸਧਾਰ ਅਤੇ ਸਰਾਭਾ ਦੇ ਇਲਾਕਿਆਂ ਵਿਚ ਸਿਰੇ ਚੜਾਇਆ ਗਿਆ। ਜਦੋਂ ਤੁਗਲ, ਅਤਿਅਨਾ, ਅਕਲਗੜ੍ਹ, ਲੀਲ ਪਖੋਵਾਲ ਅਤੇ ਸਰਾਭਾ ਵਿਚ ਰੈਲੀਆਂ ਕੀਤੀਆਂ ਗਈਆਂ। ਸਰਾਭਾਂ ਵਿਚ 15 ਨਵੰਬਰ ਕਰਤਾਰਾ ਸਿੰਘ ਸਰਾਭਾ ਦੀ ਯਾਦ ਵਿਚ ਇਕ ਵੱਡਾ ਸਮਾਗਮ ਸ਼ਹੀਦ ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ ਸਰਾਭਾ ਟਰੱਸਟ ਅਤੇ ਇਨਕਲਾਬੀ ਕੇਂਦਰ ਵਲੋਂ ਸਾਂਝੇ ਤੌਰ ਤੇ ਕੀਤਾ ਗਿਆ। ਨਿਰਭਿੰਦਰ ਸਿੰਘ ਸੂਬਾ ਕਮੇਟੀ ਮੈਂਬਰ ਨੇ ਇਨਕਲਾਬੀ ਕੇਂਦਰ ਵਲੋਂ ਸ਼ਹੀਦ ਸਰਾਭਾ ਨੂੰ ਸ਼ਰਧਾਂਜਲੀ ਦਿਤੀ ਅਤੇ ਇਹ ਗੱਲ ਜੋਰ ਦੇ ਕੇ ਕਹੀ ਕਿ ਕਰਤਾਰ ਸਿੰਘ ਸਰਾਭਾ ਦੇ ਸੁੱਪਨੇ ਇਸ ਧਰਤੀ ਤੇ ਇਨਕਲਾਬ ਤੋਂ ਬਾਅਦ ਹੀ ਪੂਰੇ ਹੋਣੇ ਹਨ। ਇਸ ਸਮਾਗਮ ਵਿਚ ਤਿੰਨ ਨਾਟਕ 'ਇਕੋ ਮਿੱਟੀ ਦੇ ਪੁੱਤ' ਪੰਜ ਕਲਿਆਣੀ, ਅਤੇ ਚੌਜਣ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੇ ਕਲਾਕਾਰਾਂ ਵਲੋਂ ਖੇਡੇ ਗਏ ਜਿਨ੍ਹਾਂ ਨੂੰ ਲੋਕਾਂ ਨੇ ਬੇਹੱਦ ਸਲਾਹਿਆ। ਤੀਸਰਾ ਪ੍ਰੋਗਰਾਮ 24 ਅਤੇ 25 ਨਵੰਬਰ ਦਿੱਲੀ ਵਿਚ ਵੱਖ ਵੱਖ ਯੂਨੀਵਰਸਟੀਆਂ ਅਤੇ ਅਬਾਦੀਆਂ ਵਿਚ ਰੈਲੀਆਂ ਅਤੇ ਨੁੱਕਰ ਨਾਟਕ ਕਰਕੇ ਪੂਰਾ ਕੀਤਾ ਗਿਆ। ਕੁਲ 6 ਰੈਲੀਆਂ ਵਿਚ ਜਿਥੇ ਪੰਜਾਬ ਦਾ ਸੈਕੂਲਰ ਅਤੇ ਇਨਕਲਾਬੀ ਸੁਨੇਹਾ ਦਿਤਾ ਗਿਆ।

ਉਥੇ ਦਿੱਲੀ ਦੇ ਜਮਹੂਰੀ ਲੋਕਾਂ ਅਗੇ ਇਹ ਅਪੀਲ ਕੀਤੀ ਗਈ ਕਿ ਉਹ ਨਵੰਬਰ 1984 ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਸੰਘਰਸ਼ ਵਿਚ ਹਿੱਸਾ ਲੈਣ। ਇਹ ਸੰਘਰਸ਼ ਪੰਜਾਬ ਵਿਚ ਹਕੂਮਤੀ ਅਤੇ ਧਾਰਮਕ ਦਹਿਸ਼ਤਵਾਦ ਦਾ ਮੁਕਾਬਲਾ ਕਰ ਰਹੇ ਲੋਕਾਂ ਦੇ ਸੰਘਰਸ਼ ਦਾ ਹਿੱਸਾ ਹੋਵੇਗਾ। ਇਕ ਅਨੁਮਾਨ ਅਨੁਸਾਰ ਇਕੱਲੇ ਨਵੰਬਰ ਵਿਚ ਤੀਹ ਹਜ਼ਾਰ ਲੋਕਾਂ ਤਕ ਇਨਕਲਾਬ ਦਾ ਸੁਨੇਹਾ ਕੇਂਦਰ ਵਲੋਂ ਪੁਚਾਇਆ ਗਿਆ। ਫਿਰਕੂ ਅਤੇ ਬੂਰਜੂਆ ਸਿਆਸਤ ਵਿਰੁੱਧ ਇਨਕਲਾਬੀ ਸਿਆਸਤ ਨੂੰ ਸਥਾਪਤ ਕਰਨ ਲਈ ਇਹ ਕੇਂਦਰ ਦੇ ਪ੍ਰੋਗਰਾਮਾਂ ਵਿਚੋਂ ਇਕ ਪ੍ਰੋਗਰਾਮ ਹੈ।

0

## ਇਕ ਚਿੱਠੀ ਤੇ ਉਹਦਾ ਜਵਾਬ

ਭਾ ਜੀ! ਨਵੰਬਰ ਅੰਕ ਵਿਚ ਤੁਹਾਡੇ ਵਲੋਂ ਲਿਖੀ ਸੰਪਾਦਕੀ 'ਇਸ ਵੇਲੇ ਗੋਲ ਮੇਜ਼ ਇਕੋ ਹੱਲ' ਪੜ੍ਹ ਕੇ ਬਹੁਤ ਦੁੱਖ ਹੋਇਆ ਕਿ ਤੁਸੀਂ ਉਹਨਾਂ ਕਾਤਲੀ ਦਰਿੰਦਿਆਂ ਦੀ ਆਪਸੀ ਗੱਲਬਾਤ 'ਚੋਂ ਪੰਜਾਬ ਦੇ ਹਾਲਾਤ ਨੂੰ ਸੁਖਾਵਾਂ ਦੇਖਣਾ ਲੋਚਦੇ ਹੋ। ਉਹ ਖਾਲਿਸਤਾਨੀ ਦਹਿਸ਼ਤਗਰਦ ਜਿਹੜੇ ਸ਼ਰੇਆਮ ਹਿੰਦੂਆਂ ਦੇ ਕਤਲ ਕਰਨ ਦਾ ਐਲਾਨ ਕਰਦੇ ਹਨ ਸਿਰਫ ਹਿੰਦੂਆਂ ਦੇ ਕਤਲ ਹੀ ਨਹੀਂ ਸਗੋਂ ਆਪਣੇ ਹਰ ਵਿਰੋਧੀ ਦੀ ਜ਼ਬਾਨ ਬੰਦ ਕਰਨਾ ਚਾਹੁੰਦੇ ਹਨ। ਉਹ ਕੇਂਦਰ ਦੀ ਹਕੂਮਤ ਜਿਸ ਦੀ ਬੁਕਲ ਵਿਚ ਐਚ. ਕੇ. ਐਲ ਭਗਤ ਵਰਗੇ ਸਿੱਖਾਂ ਦੇ ਕਾਤਲ ਬੈਠੇ ਹਨ ਜਿਹੜੀ ਅੱਜ ਵੀ ਅਨੇਕਾਂ ਨੌਜਵਾਨਾਂ ਨੂੰ ਝੂਠੇ ਮੁਕਾਬਲੇ ਬਣਾ ਕੇ ਮਾਰ ਰਹੀ ਹੈ ਅਤੇ ਮੋੜਵੇਂ ਰੂਪ ਵਿਚ ਖਾਲਿਸਤਾਨੀ ਦਹਿਸ਼ਤ-ਗਰਦੀ ਨੂੰ ਵਧਾਉਣ ਦਾ ਸੰਦ ਬਣਾ ਰਹੀ ਹੈ, ਅਕਾਲੀ, ਭਾਜਪਾ ਤੇ ਹੋਰ ਸਿਆਸੀ ਪਾਰਟੀਆਂ ਦਾ ਰੋਲ ਵੀ ਸਾਡੇ ਤੋਂ ਭੁਲਿਆ ਹੋਇਆ ਨਹੀਂ। ਆਪਣੇ ਆਪ ਨੂੰ ਕਮਿਊਨਿਸ਼ਟ ਕਹਾਉਂਦੀਆਂ ਸੀ. ਪੀ. ਆਈ ਤੇ ਸੀ. ਪੀ. ਐਮ ਵੀ ਖਾਲਿਸਤਾਨੀ ਦਹਿਸ਼ਤਗਰਦਾਂ ਨੂੰ ਨੱਥ ਪਾਉਣ ਲਈ ਪੁਲਸ ਨੂੰ ਦਿੱਤੇ ਜਾ ਰਹੇ ਵਿਸ਼ੇਸ਼ ਅਧਿਕਾਰਾਂ ਦੀ ਹਮਾਇਤ ਕਰਦੀਆਂ ਹਨ। (ਹਰਕਿਸ਼ਨ ਸੁਰਜੀਤ ਕਹਿੰਦਾ 'ਪੰਜਾਬ ਨੂੰ ਰਿਬੇਰੋ ਵਰਗੇ ਪੁਲਸ ਅਫ਼ਸਰਾਂ ਦੀ ਲੋੜ ਹੈ') ਇਹਨਾਂ ਸਭਨਾਂ ਦੀ ਆਪਸੀ ਗੱਲਬਾਤ 'ਚੋਂ ਅਸੀ 'ਪੰਜਾਬ ਦੇ ਲੋਕਾਂ ਦਾ ਨੁਕਸਾਨ' ਹੋਣੋ ਨਹੀਂ ਬਚਾ ਸਕਦੇ। ਭਾ ਜੀ! ਹਾਕਮ ਜਮਾਤ ਦੀਆਂ ਵੱਖ ਵੱਖ ਧਿਰਾਂ ਨੂੰ ਆਪਸੀ ਗੱਲਬਾਤ ਲਈ ਕਹਿਣਾ ਤਾਂ ਉਹਨਾਂ ਅਗੇ ਇਕ ਤਰਲਾ ਹੈ "ਹਾੜੇ! ਤੁਸੀਂ ਆਪਸੀ ਸੌਦੇ ਬਾਜ਼ੀ ਕਰ ਲਓ, ਪਰ ਪੰਜਾਬ ਨੂੰ ਬਚਾ ਲਓ." ਕੀ ਇਸ ਤਰ੍ਹਾਂ ਪੰਜਾਬ ਬਚ ਜਾਵੇਗਾ? ਇਸ ਤਰ੍ਹਾਂ ਦੇ ਕਿਸੇ ਵੀ ਸਮਝੌਤੇ ਨੂੰ ਤੋੜ ਕੇ ਇਹ ਆਪਣੇ ਫਿਰਕਾ-ਪ੍ਰਸਤੀ ਦੇ ਹਥਿਆਰ ਨੂੰ ਫਿਰ ਵਰਤਣਾ ਸ਼ੁਰੂ ਕਰ ਸਕਦੇ ਹਨ। ਤੁਸੀਂ ਆਪ ਹੀ ਲਿਖਿਆਂ ਹੈ "ਕੋਈ ਵੀ ਧਿਰ ਜਿਹੜੀ ਇਸ ਮਸਲੇ ਨੂੰ ਡੰਡੇ ਨਾਲ ਹਿੰਸਕ ਕਾਰਵਾਈਆਂ ਨਾਲ ਹੱਲ ਕਰਨਾ ਚਾਹੁੰਦੀ ਹੈ, ਉਹ ਲੋਕਾਂ ਦੀ ਦੁਸ਼ਮਣ ਹੈ" ਫਿਰ ਇਹਨਾਂ ਦੁਸ਼ਮਣਾਂ ਦੀ ਆਪਸੀ ਸੌਦੇ ਬਾਜ਼ੀ 'ਚੋਂ ਲੋਕਾਂ ਨੂੰ ਕੀ ਮਿਲੇਗਾ। ਤੁਸੀਂ ਰੂਸ, ਅਮਰੀਕਾ ਦੀ ਗੱਲ ਬਾਤ ਦੀ ਉਦਾਹਰਣ ਦਿਤੀ ਹੈ। ਇਹ ਠੀਕ ਹੈ ਕਿ ਦੋਵੇਂ ਦੇਸ਼ ਲੋਕਾਂ ਅੱਗੇ ਸੱਚੇ ਹੋਣ ਲਈ ਅਜਿਹੇ ਕਰਦੇ ਹਨ। ਪਰ ਕੀ ਇਹਨਾਂ ਦੀ ਗੱਲਬਾਤ 'ਚੋਂ ਮਨੁਖਤਾ ਪ੍ਰਮਾਣੂ ਹਥਿਆਰਾਂ ਦੀ ਤਬਾਹੀ ਜਾਂ ਸੰਸਾਰ ਜੰਗ ਤੋਂ ਬਚ ਜਾਵੇਗੀ? ਇਸ ਤਬਾਹੀ ਤੋਂ ਤਾਂ ਮਿਹਨਤਕਸ਼ ਲੋਕ ਜਥੇਬੰਦ ਹੋ ਕੇ ਇਹਨਾਂ ਦੋਨਾਂ ਸ਼ਕਤੀਆਂ ਦੇ ਖਿਲਾਫ ਲੜ ਕੇ ਹੀ ਆਪਣਾ ਬਚਾ ਕਰ ਸਕਦੇ ਹਨ। ਸਾਡੇ ਹਰੇ ਭਰੇ ਖੇਤ ਵਿਚ ਦੋ ਸਾਨ੍ਹ ਲੜ ਰਹੇ ਹਨ, ਖੇਤ ਉਜੜ ਰਿਹਾ ਹੈ। ਅਸੀਂ ਸਾਨ੍ਹਾਂ ਨੂੰ ਇਹ ਆਖੀਏ, "ਹਾੜੇ! ਤੁਸੀਂ ਰਲ ਮਿਲ ਕੇ ਖੇਤ ਖਾ ਲਓ, ਲੜੋ ਨਾਂ" ਕੀ ਇਸ ਤਰ੍ਹਾਂ ਖੇਤ ਦਾ ਬਚਾ ਹੋ ਜਾਵੇਗਾ। ਨਹੀਂ ਖੇਤ ਦਾ ਬਚਾ ਤਾਂ ਅਸੀਂ ਇਕੱਠੇ ਹੋ ਕੇ ਦੋਨਾਂ ਸਾਨ੍ਹਾਂ ਨੂੰ ਕੁੱਟ ਮਾਰ ਕੇ, ਭਜਾ ਕੇ ਹੀ ਕਰ ਸਕਦੇ ਹਾਂ। ਇਹੀ ਮੋਲ ਪੰਜਾਬ ਮਸਲੇ ਤੇ ਵੀ ਲਾਗੂ ਹੁੰਦੀ ਹੈ। ਤੁਹਾਨੂੰ ਗੋਲ ਮੇਜ ਵਾਲੇ ਹੱਲ ਨੂੰ ਛੱਡ ਕੇ ਲੋਕਾਂ ਨੂੰ ਇਹ ਕਹਿਣਾ ਚਾਹੀਦਾ ਸੀ ਕਿ ਉਹ ਖਾਲਿਸਤਾਨੀ ਤੇ ਹਕੂਮਤੀ ਦਹਿਸ਼ਤਗਰਦੀ ਖਿਲਾਫ ਆਪਣੀ ਲੜਾਈ ਨੂੰ ਤੇਜ ਕਰਨ।

0

ਕ੍ਰਿਸਨ ਦਿਆਲ

—ਕ੍ਰਿਸ਼ਨ ਦਿਆਲ ਜੀ, ਤੁਸੀਂ ਜੋ ਲਿਖਿਆ ਹੈ ਉਹ ਆਦਰਸ਼ਕ ਰਾਹ ਬਾਰੇ ਹੈ। ਸਾਨੂੰ ਜੋ ਅੱਜ ਦੀ ਅੱਜ ਪੰਜਾਬ ਦੇ ਲੋਕਾਂ ਦੀ ਮੰਗ ਅਮਨ ਸ਼ਾਂਤੀ ਹੈ ਅਤੇ ਗੋਲ ਮੇਜ਼ ਕਾਨਫਰੰਸ ਦਾ ਸੁਝਾਅ ਇਸ ਆਸ਼ੇ ਲਈ ਹੈ। ਖੱਬੀ ਧਿਰ ਜੇਕਰ ਤੱਕੜੀ ਹੁੰਦੀ ਤਾਂ ਇਹ ਹਾਲਤ ਨਹੀਂ ਹੋਣੀ ਸੀ। /ਗੁਰਸ਼ਰਨ ਸਿੰਘ

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ ਗਿਆ ਛਪਾਈ ਚੰਨ ਪ੍ਰਿੰਟਿੰਗ ਪ੍ਰੈਸ, ਗੁਰੂ ਨਾਨਕਪੁਰਾ ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ—ਗੁਰੂ ਖਾਲਸਾ ਨਿਵਾਸ ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ–143002 ਸਾਲਾਨਾ ਚੰਦਾ–15 ਰੁ: ਵਿਦੇਸ਼ ਹਵਾਈ ਡਾਕ ਰਾਹੀਂ 120 ਰੁ:

ਨਾਟਕ **ਇੱਕੋ ਮਿੱਟੀ ਦੇ ਪੁੱਤ** / ਗੁਰਸ਼ਰਨ ਸਿੰਘ

(ਅਜੀਤ ਸਿੰਘ ਪੱਤੋ ਦੀ ਕਹਾਣੀ ਤੇ ਆਧਾਰਤ)

---

ਪਾਤਰ : ਮਿਲਖੀ, ਜੀਤੋ, ਕੈਲਾ, ਲੱਖਾ, ਸਰਪੰਚ ਅਤੇ ਸਰਦਾਰ ।

(ਨਾਟਕ ਸ਼ੁਰੂ ਹੋਣ ਤੇ ਮਿਲਖੀ ਮਾਵੇ ਵਾਲੀ ਚਿੱਟੀ ਪੱਗ ਬੰਨ ਰਿਹਾ ਏ । ਕੁਝ ਗੁਨਗੁਨਾ ਰਿਹਾ ਏ ਜੀਤੋ ਉਹਦੀ ਘਰ ਵਾਲੀ ਆਂਦੀ ਏ)

ਜੀਤੋ : ਇਹ ਤੂੰ ਜਿਹੜੇ ਚਿੱਟੇ ਚਿੱਟੇ ਕਪੜੇ ਪਾਈ ਸਰਦਾਰ ਦੇ ਘਰੇ ਵੜੇ ਰਹਿਣਾ ਏ, ਮੈਨੂੰ ਤੇਰੇ ਲੱਛਣ ਚੰਗੇ ਨਹੀਂ ਲਗਦੇ ।

ਮਿਲਖੀ : ਤੈਨੂੰ ਤਾਂ ਸਾਡਾ ਕੋਈ ਕੰਮ ਚੰਗਾ ਨਹੀਂ ਲਗਦਾਂ । ਭਲੀਏ ਲੋਕੇ ਤੈਨੂੰ ਸਰਦਾਰਾਂ ਦੀਆਂ ਬਾਤਾਂ ਦਾ ਕੀ ਪਤਾ ?

ਜੀਤੋ : ਮੈਨੂੰ ਸਾਰੀਆਂ ਬਾਤਾਂ ਦਾ ਪਤਾ ਏ । ਛਿੱਟ ਕੁ ਤੈਨੂੰ ਪੀਣ ਲਈ ਦੇ ਦਿਤੀ, ਮਾਵੇ ਦੀ ਚੂੰਡੀ ਡੁੰਗਣ ਨੂੰ ਦੇ ਦਿਤੀ ਤੇ ਤੂੰ ਪੂਛ ਚੁੱਕੀ ਫਿਰਦਾ ਏਂ, ਤੇ ਮੇਰੀ ਸੁਣ, ਅਸੀਂ ਵਿਹੜੇ ਵਿਚ ਰਹਿਣਾ ਏ, ਆਪਣੇ ਭਰਾਵਾਂ ਤੋਂ ਵੱਖ ਨਹੀਂ ਹੋ ਸਕਦੇ ।

ਮਿਲਖੀ : ਭਰਾਵਾਂ ਕੋਲੋਂ ਅਸੀਂ ਜੂੰਆਂ ਲੈਣੀਆਂ ਨੇ । ਤੈਨੂੰ ਮੇਰੀਆਂ ਸਕੀਮਾਂ ਦਾ ਨਹੀਂ ਪਤਾ । ਉਹ ਸਿਰੇ ਚੜ੍ਹ ਗਈਆਂ ਤੇ ਫੇਰ ਸਾਨੂੰ ਕੱਚੇ ਵਿਹੜਿਆਂ ਵਿਚ ਨਹੀਂ ਰਹਿਣਾ ਪੈਣਾ, ਸਾਡਾ ਵੀ ਪੱਕਾ ਬਣ ਜਾਣਾ ਏ । ਸਰਦਾਰ ਤੇ ਹੁਣ ਵੀ ਕਹਿੰਦਾ ਏ ਬੇਸ਼ਕ ਸ਼ਹਿਰ ਦੀ ਕੋਠੀ ਵਾਲੀ ਪਿਛਲੀ ਨੈਕਸੀ ਵਿਚ ਚਲਾ ਜਾਵਾਂ ।

ਜੀਤੋ : ਇਹ ਨੈਕਸੀ ਕੀ ਹੁੰਦੀ ਏ ।

ਮਿਲਖੀ : ਵਡੀ ਕੋਠੀ ਪਿਛੇ ਛੋਟੀ ਕੋਠੀ ।

ਜੀਤੋ : ਉਥੇ ਜਾ ਕੇ ਕੀ ਕਰੇਂਗਾ ?

ਮਿਲਖੀ : ਜੋ ਇਥੇ ਕਰਨਾ ਹਾਂ । ਮਤਲਬ ਕੇ ਸਰਦਾਰ ਦੀ ਸੇਵਾ ।

ਜੀਤੋ : ਸੇਵਾ ਨਹੀਂ, ਟਾਊਟ ਗਿਰੀ ਕਰਦਾ ਏਂ ।

ਮਿਲਖੀ : ਵਡਿਆਂ ਦੀ ਸੇਵਾ ਇਹੋ ਹੁੰਦੀ ਏ । ਉਹਨਾਂ ਨੇ ਆਪ ਕੋਈ ਗੱਲ ਥੋੜਾ ਕਰਨੀ ਹੁੰਦੀ ਏ । ਉਹਨਾਂ ਨੇ ਤਾਂ ਸਿਰਫ ਸੋਚਣਾ ਹੁੰਦਾ ਏ, ਤੇ ਕਰਨਾ ਅਸੀਂ ਹੁੰਦਾ ਏ ।

ਜੀਤੋ : ਹੁਣ ਸਰਦਾਰ ਨੇ ਕੀ ਸੋਚਿਆ ਏ ? ਤੇ ਤੂੰ ਕਰਨਾ ਕੀ ਏ ? ਚੋਣਾ ਤਾਂ ਹੁਣ ਕੋਈ ਨੇੜੇ ਨਹੀਂ ।

ਮਿਲਖੀ : ਹੁਣ ਚੋਣਾਂ ਨਾਲੋਂ ਵੀ ਵੱਡਾ ਕੰਮ ਏ । ਸਰਦਾਰ ਨੇ ਕੰਬਾਈਨ ਬਣਾਈ ਏ, ਖਿਆਲ ਸੀ ਕਿ ਸੀਜ਼ਨ ਚੰਗਾ ਲਗੇਗਾ ਤੇ ਮੁਲ ਨਿਕਲ ਆਏਗਾ, ਜੱਟ ਕਹਿੰਦੇ ਨੇ ਅਸੀਂ ਨਹੀਂ ਵਾਢੀ ਕੰਬਾਈਨ ਦੀ ਕਰਵਾਉਣੀ, ਇਹਦੇ ਨਾਲ ਤੂੜੀ ਪਲੇ ਨਹੀਂ ਪੈਂਦੀ ।

ਜੀਤੋ : ਇਹ ਤਾਂ ਠੀਕ ਏ ।

ਮਿਲਖੀ : ਵਾਢੀ ਜੇਕਰ ਕੰਬਾਇਨ ਨੇ ਨਹੀਂ ਕਰਨੀ ਤਾਂ ਫੇਰ ਮਜਬੂਰਨਾਂ ਜੱਟ ਨੂੰ ਵਿਹੜੇ ਵਾਲਿਆਂ ਦੀ ਲੋੜ ਪੈਣੀ ਏ ਤੇ ਸਰਦਾਰ ਨਹੀਂ ਚਾਹੁੰਦਾ ਕਿ ਵਿਹੜੇ ਵਾਲੇ ਇਹ ਕੰਮ ਕਰਨ ।

ਜੀਤੋ : ਉਹ ਕੀ ਚਾਹੁੰਦਾ ਏ, ਕੀ ਇਹ ਭਈਏ ਕਰਨ ?

ਮਿਲਖੀ : ਭਈਏ ਕਿਥੋਂ ਆਉਣੇ ਨੇ, ਉਹ ਤਾਂ ਡਰ ਦੇ ਮਾਰੇ ਏਧਰ ਮੂੰਹ ਨਹੀਂ ਕਰਦੇ ।

ਜੀਤੋ : ਆਹੋ ਪਿਛਲੇ ਸਾਲ ਅਤਿਵਾਦੀਆ ਦੇ ਹੱਥੋਂ ਦੋ ਮਾਰੇ ਗੁਏ ਸਨ ।

ਮਿਲਖੀ : ਕਾਹਨੂੰ ? ਉਹ ਤਾਂ ਸਰਦਾਰ ਨੇ ਹੀ ਮਰਵਾਏ ਸਨ, ਨਾਂ ਅਤਿਵਾਦੀਆਂ ਦਾ ਲੱਗ ਗਿਆ ਸੀ ।

ਜੀਤੋ : ਤੈਨੂੰ ਕਿਵੇਂ ਪਤਾ ਏ ?

ਮਿਲਖੀ : ਮੈਨੂੰ ਹੀ ਤਾਂ ਪਤਾ ਏ । ਮੈਂ ਹੀ ਤਾਂ ਜੱਗੇ ਹੋਰਾਂ ਨੂੰ ਸਰਦਾਰਾਂ ਵਲੋਂ ਪੈਸੇ ਦਿਤੇ ਸਨ । ਉਹੀ ਤਾਂ ਵਡੇ ਅਤਿਵਾਦੀ ਬਣੇ ਫਿਰਦੇ ਨੇ । ਇਹ ਤੇਰੀਆਂ ਵਾਲੀਆਂ, ਭਲੀਏ ਲੋਕੇ ਉਹਦੇ ਵਿਚੋਂ ਹੀ ਨਿਕਲੀਆਂ ਸਨ । ਵਡੀਆਂ ਰਕਮਾਂ ਜਦੋਂ ਏਧਰ ਦੀਆਂ ਓਧਰ ਹੋਣ ਤਾਂ ਹੀ ਵਿਚੋਲਿਆਂ ਲਈ ਵਾਲੀਆਂ ਕਾਂਟੇ ਕਢਣੇ ਮੁਸ਼ਕਿਲ ਨਹੀਂ ਹੁੰਦੇ ।

ਜੀਤੋ : (ਵਾਲੀਆਂ ਲਾਹਦੇ ਹੋਏ) ਤਾਂ ਇਹ ਵਾਲੀਆਂ ਪਾਪ ਦੀ ਕਮਾਈ ਨੇ ?

ਮਿਲਖੀ : ਪਾਪ ਦੀ ਨਹੀਂ, ਸਾਡੇ ਦਿਮਾਗ ਦੀ ਕਮਾਈ ਏ, ਹੋਰ ਸਾਡੇ ਇਥੇ ਹੱਲ ਪਏ ਚਲਦੇ ਨੇ । ਭਈਆਂ ਵਾਲਾ ਰਾਹ ਤਾਂ ਸਰਦਾਰ ਨੇ ਇਸ ਤਰ੍ਹਾਂ ਸਾਫ ਕੀਤਾ । ਉਹਨੇ ਝੋਨੇ ਦੀ ਫਸਲ ਵੇਲੇ ਹੀ ਦੇਖ ਲਿਆ ਸੀ ਕਿ ਭਈਏ ਜੇਕਰ ਰਹੇ ਤਾਂ ਉਹਦਾ ਕੰਬਾਇਨ ਵਾਲਾ ਵਪਾਰ ਸਿਰੇ ਨਹੀਂ ਚੜ੍ਹਣਾ ।

ਜੀਤੋ : ਹਲਾ ਅੱਗੋਂ ਗੱਲ ਕਰ ।

ਮਿਲਖੀ : ਹੁਣ ਭਈਆਂ ਨੇ ਆਉਣਾ ਨਹੀਂ । ਇਸੇ ਕਰ ਕੇ ਜੱਟਾਂ ਨੂੰ ਮਜਬੂਰਨ ਵਿਹੜੇ ਵਾਲਿਆਂ ਨੂੰ ਬੁਲਾਣਾ ਪੈਣਾ ਏ ਤੇ ਵਿਹੜੇ ਵਾਲਿਆਂ ਨੂੰ ਮੈਂ ਮੁੱਠੀ ਵਿਚ ਕਰ ਲਿਆ ਏ, 45 ਰੁਪਏ ਦਿਹਾੜੀ ਤੋਂ ਘੱਟ ਉਹਨਾਂ ਨੇ ਲੈਣੀ ਨਹੀਂ, ਘੀਲੇ ਹੋਰਾਂ ਨੂੰ ਸਰਦਾਰ ਕੋਲੋਂ ਮੈਂ ਇਹ ਦਵਾ ਵੀ ਦਿਤੇ ਨੇ । ਬਸ ਹੁਣ ਖੇਡ ਇਹ ਵੇ ਜੱਟਾਂ ਨੇ 35 ਤੋਂ 45 ਦੇਣੇ ਨਹੀਂ । ਵਿਹੜੇ ਵਾਲਿਆਂ 45 ਤੋਂ ਘੱਟ ਜਾਣਾ ਨਹੀਂ, ਖੇਤਾਂ ਵਿਚ ਪੱਕੀ ਹੋਈ ਫਸਲ ਖੜੀ ਰਹੇ, ਇਹ ਜੱਟਾਂ ਕੋਲੋਂ ਬਰਦਾਸ਼ਤ ਹੋਣਾ ਨਹੀਂ, ਕਰਜ਼ੇ ਉਹਨਾਂ ਦੇ ਸਿਰ ਤੇ ਖਲੋਤੇ ਹੁੰਦੇ ਨੇ । ਜੱਟਾਂ ਤੇ ਵਿਹੜੇ ਵਾਲਿਆਂ ਦਾ

ਝਗੜਾ ਤੇ ਅਖੀਰ ਜੱਟਾਂ ਨੂੰ ਕੰਬਾਈਨ ਲਈ ਸਰਦਾਰ ਦੇ ਤਰਲੇ ਕਰਨੇ ਪੈਣੇ ਨੇ ਤੇ ਸਰਦਾਰ ਨੇ ਮੂੰਹ ਮੰਗੀ ਰਕਮ ਲੈ ਲੈਣੀ ਏ। 225 ਤੋਂ 250 ਰੁਪਏ ਕਿਲੇ ਦਾ।

ਜੀਤੋ : ਇੰਝ ਤਾਂ ਵਿਹੜੇ ਵਾਲੇ ਬਗੈਰ ਕੰਮ ਤੋਂ ਮਾਰੇ ਜਾਣਗੇ।

ਮਿਲਖੀ : ਮਾਰੇ ਜਾਣ। ਉਹਨਾਂ ਕਿਹੜਾ ਮੇਰੇ ਕਹੇ ਸਰਦਾਰ ਨੂੰ ਵੱਟ ਪਾਏ ਸਨ ?

ਜੀਤੋ : ਤੇ ਤੈਨੂੰ ਵਿਚੋਂ ਕੀ ਮਿਲੇਗਾ ?

ਮਿਲਖੀ : ਸਰਦਾਰ ਨੇ ਕਿਹਾ ਏ, ਉਹ ਮੈਨੂੰ ਖੁਸ਼ ਕਰ ਦਏਗਾ। ਉਹ ਮੈਨੂੰ ਖੁਸ਼ ਕਰ ਦਏਗਾ ਤੇ ਮੈਂ ਅਗੋਂ ਤੈਨੂੰ ਖੁਸ਼ ਕਰ ਦਿਆਂਗਾ। ਇਹ ਲੈ ਪੰਜਾਹ ਸਾਂਭ, ਸੂਟ ਲਈ ਕਪੜਾ ਲੈ ਆਈਂ। ਅਸੀਂ ਕੋਈ ਠੇਕਾ ਨਹੀਂ ਲਿਆ ਕਿ ਸਰਦਾਰਨੀਆਂ ਦੇ ਲੱਥੇ ਹੀ ਪਾਈਏ।

ਜੀਤੋ : ਪਰ ਪੰਜਾਵਾਂ ਦਾ ਸੂਟ ਥੋੜਾ ਬਣਦਾ ਏ ?

ਮਿਲਖੀ : ਲੈ ਪੰਜਾਹ ਹੋਰ ਫੜ।

ਜੀਤੋ : ਪਰ ਜੇ ਕੰਮ ਨਾ ਮਿਲਿਆ ਤਾਂ ਵਿਹੜੇ ਵਿਚ ਭੁੱਖ ਵਰਤ ਜਾਏਗੀ।

ਮਿਲਖੀ : ਅਗੇ ਸਹੁਰੇ ਮੇਰੇ ਕਿਹੜੇ ਖੀਰਾਂ ਖਾਂਦੇ ਨੇ। ਭਲੀਏ ਲੋਕੇ ਅੱਜ ਦਾ ਯੁੱਗ ਦਾਅ ਮਾਰਨ ਦਾ ਯੁੱਗ ਏ, ਜਿਹੜਾ ਦਾਅ ਮਾਰ ਗਿਆ, ਮਾਰ ਗਿਆ, ਜਿਹੜਾ ਰਹਿ ਗਿਆ, ਬੱਸ ਰਹਿ ਗਿਆ।

ਜੀਤੋ : ਤਾਂ ਤੂੰ ਦਲਾਲੀ ਦਾ ਖੱਟਿਆ ਖਾਂਦਾ ਏ।

ਮਿਲਖੀ : ਇਥੇ ਵਡੇ ਵਡੇ ਦਲਾਲੀਆਂ ਕਰਦੇ ਨੇ, ਮੈਂ ਕਰ ਲਈ ਤਾਂ ਕੀ ਆਖਰ ਆ ਗਈ ਏ। ਕੱਲ ਸੱਥ ਵਿਚ ਮਾਸਟਰ ਅਖਬਾਰ ਪੜ੍ਹ ਕੇ ਸੁਣਾ ਰਿਹਾ ਸੀ ਕਿ ਸਾਡੀ ਸਰਕਾਰ ਨੇ ਕਿਸੇ ਬਾਹਰਲੇ ਮੁਲਕ ਦੀ ਕੰਪਨੀ ਨਾਲ ਤੋਪਾਂ ਦਾ ਸੌਦਾ ਕੀਤਾ। ਇਕ ਦਲਾਲ 30 ਕਰੋੜ ਰੁਪਿਆ ਸਿੱਧਾ ਖਾ ਗਿਆ, ਉਹਨੇ ਡਕਾਰ ਵੀ ਨਹੀਂ ਮਾਰਿਆ।

ਜੀਤੋ : ਵੱਡਾ ਬੰਦਾ ਹੋਣੈ, ਹਜ਼ਮ ਕਰ ਗਿਆ ਹੋਣਾ ਏ। ਤੇਰੇ ਵਾਕੂਨ ਨਹੀਂ। ਤੂੰ ਤਾਂ ਛਿੱਟ ਪੀ ਲਏਂ ਹਜ਼ਮ ਨਹੀਂ ਕਰ ਸਕਦਾ। ਸਭ ਕੁਝ ਉਲਟੀ ਕਰ ਦੇਣਾ ਏ। ਰਾਤੀਂ ਮੂੰਹ ਵੀ ਤੇ ਲੀੜੇ ਵੀ ਸਾਰੇ ਗੰਦੇ ਹੋਏ ਹੋਏ ਸਨ ਮੇਰੇ ਕੋਲੋਂ ਨਹੀਂ ਰੱਜ ਧੋਤੇ ਜਾਂਦੇ।

ਮਿਲਖੀ : ਉਹ ਤਾਂ ਰਾਤੀਂ ਸਰਦਾਰੇ ਹੋਰਾਂ ਘਰ ਦੀ ਕੱਢੀ ਪਿਆ ਦਿਤੀ। ਉਥੇ ਟਿਊਬਵੈਲ ਤੇ ਹੀ ਬੈਠ ਕੇ ਪੀਤੀ।

ਜੀਤੋ : ਤੂੰ ਸਰਦਾਰੇ ਹੋਰਾਂ ਕੋਲ ਕੀ ਲੈਣ ਗਿਆ ਸੀ ?

ਮਿਲਖੀ : ਉਹ ਵੀ ਸਰਦਾਰਾਂ ਦਾ ਖਾਸ ਬੰਦਾ ਏ, ਇਹ ਸਰਕਾਰ ਨੇ ਜਿਹੜੀ ਪਲਾਨ ਬਣਦੀ ਏ, ਉਸ ਵਿਚ ਵਿਹੜੇ ਵਾਲਿਆਂ ਨੂੰ ਚੁਕਣ ਦੀ ਡਿਟੀ ਮੇਰੀ ਲਗੀ ਏ, ਜੱਟਾਂ ਨੂੰ ਚੁਕਣ ਦੀ ਸਰਦਾਰੇ ਦੀ। ਇਹਨੂੰ ਕਹਿੰਦੇ ਨੇ ਤਿਕੋਨੀ ਪਲਾਨ।

ਜੀਤੋ : ਤਿਕੋਨੀ ?

ਮਿਲਖੀ : ਤਿਕੋਨੀ ਨਹੀਂ ਸਮਝਦੀ। ਜਿਹੜੀ ਹਸਪਤਾਲਾਂ ਦੇ ਬਾਹਰ ਵਾਹੀ ਹੁੰਦੀ ਏ। ਫੈਮਲੀ ਪਲੈਨਿੰਗ ਵਾਲੀ, ਉਹ ਹੁੰਦੀ ਏ ਸਰਕਾਰ ਦੀ ਗਰਭ ਨਾਸ਼ਕ ਪਲਾਨ ਤੇ ਸਰਦਾਰ ਦੀ ਪਲਾਨ ਏ, ਸਰਵ ਨਾਸ਼ਕ ਪਲਾਨ। ਸਰਦਾਰ—ਸਰਦਾਰਾ ਤੇ ਮੈਂ—ਤੇ ਮੈਂ ਸਰਦਾਰਾ ਤੇ ਸਰਦਾਰ।

(ਸ਼ੈਤਾਨਾਂ ਵਾਂਗ ਹੱਸਦਾ ਜਾਂਦਾ ਹੈ)

ਜੀਤੋ : ਹੂੰ ਸਰਦਾਰਾਂ ਦੀ ਪਲਾਨ—ਇਹ ਏਨਾ ਬੇਸ਼ਰਮ ਹੋ ਗਿਆ ਏ ਕਿ ਸਰਦਾਰ ਦੀਆਂ ਸਾਰੀਆਂ ਵਧੀਕੀਆਂ ਭੁਲ ਗਿਆ ਏ ਕਿ ਏਸੇ ਸਰਦਾਰ ਨੇ ਮੇਰੀ ਇਜ਼ਤ ਨੂੰ ਹੱਥ ਪਾਇਆ ਸੀ। ਉਦੋਂ ਇਹ ਕਿਸ ਤਰ੍ਹਾਂ ਅੱਗ ਬਗੋਲਾ ਹੋ ਕੇ ਗਿਆ ਸੀ ਪਰ ਸਰਦਾਰ ਨੇ ਲੱਲੋ-ਪੱਤੀਆਂ ਲਗਾ ਕੇ ਇਹਨੂੰ ਚੁੱਪ ਕਰਵਾ ਦਿਤਾ ਸੀ। ਉਦੋਂ ਵੀ ਇਹ ਛਿੱਟ ਪੀ ਕੇ ਸਾਰਾ ਕੁਝ ਭੁਲ ਗਿਆ ਸੀ। ਹੁਣ ਕਹਿੰਦਾ ਏ ਸਰਦਾਰ ਸ਼ਹਿਰ ਵਾਲੀ ਕੋਠੀ ਦੇ ਦੇਵੇਗਾ, ਇਹਨੂੰ ਹਰ ਰਾਤ ਨਸ਼ੇ ਦੀ ਗੋਲੀ ਖਵਾ ਕੇ ਮੂਧਾ ਕਰ ਦੇਵੇਗਾ ਤੇ ਫੇਰ ਮੇਰੀ ਕੱਲੀ ਕਾਰੀ ਦੀ ਇਜ਼ਤ ਨੂੰ ਹੱਥ ਪਾਵੇਗਾ। ਇਹ ਵੀ ਸਰਦਾਰ ਦੀ ਤਿਕੋਨੀ ਪਲਾਨ ਹੋਵੇਗੀ—ਮੈਂ—ਇਹ ਤੇ ਸਰਦਾਰ —ਸਰਦਾਰ—ਮੈਂ ਤੇ ਇਹ। ਪਰ ਮੈਂ ਇਹਨਾਂ ਦੀ ਤਿਕੋਨੀ ਪਲਾਨ ਕਾਮਯਾਬ ਨਹੀਂ ਹੋਣ ਦਿਆਂਗੀ। (ਵਾਲੀਆਂ ਲਾਹਦੇ ਹੋਏ) ਮੈਂ ਇਸ ਪਾਪ ਦੀ ਕਮਾਈ ਤੇ ਥੁੱਕਦੀ ਵੀ ਨਹੀਂ। ਮੈਂ—ਮੇਰੇ ਸਾਰੇ ਵੀਰ ਹੱਥ ਦੀ ਕਮਾਈ ਖਾਣ ਵਾਲੇ ਨੇ। ਇਹ ਸਰਦਾਰ ਆਪ ਵੀ ਵਿਹਲੜ—ਹਰਾਮ ਦੀ ਖਾਣ ਵਾਲੇ ਤੇ ਦੂਜਿਆਂ ਨੂੰ ਵੀ ਹਰਾਮ ਦੀ ਖਾਣ ਦੀ ਆਦਤ ਪਾਉਣਾ ਚਾਹੁੰਦੇ ਨੇ—ਮੈਂ ਇਹ ਨਹੀਂ ਹੋਣ ਦਿਆਂਗੀ। ਕਦੀ ਵੀ ਨਹੀਂ ਹੋਣ ਦਿਆਂਗੀ।

ਕੈਲਾ ਆਂਦਾ ਹੈ—ਜੀਤੋ ਦੀ ਆਖਰੀ ਗੱਲ ਉਹ ਸੁਣ ਲੈਂਦਾ ਹੈ।

ਕੈਲਾ : ਕੀ ਨਹੀਂ ਹੋਣ ਦੇਵੇਂਗੀ। ਭਾਬੀ ?

ਜੀਤੋ : ਇਹ ਜਿਹੜਾ ਪਿੰਡ ਵਿਚ ਸਾਰਾ ਰਫੜ ਪਿਆ ਏ, ਉਹਦੇ ਬਾਰੇ ਸੋਚ ਰਹੀ ਸੀ। ਪੰਜ ਦਿਹਾੜੀਆਂ ਹੋ ਗਈਆਂ ਨੇ, ਨਾ ਕੋਈ ਦਿਹਾੜੀ ਤੇ ਗਿਆ ਏ, ਨਾ ਕੋਈ ਗੋਹਾ ਕੂੜਾ ਕਰਨ ਗਈ ਏ, ਬਾਲ ਲੱਸੀ ਪਾਣੀ ਖੁਣੋਂ ਹੀ ਰਹਿ ਗਏ ਨੇ।

ਕੈਲਾ : ਦਿਹਾੜੀ ਤੇ ਤਾਂ ਭਾਬੀ ਹੁਣ ਕੋਈ ਫੈਸਲਾ ਹੋਵੇਗਾ ਤਾਂ ਹੀ ਜਾਵਾਂਗੇ। ਬਾਕੀ ਤੀਂਵੀਆ ਦੇ ਗੋਹਾ ਕੂੜਾ ਚੁਕਣ ਬਾਰੇ ਵੀ ਸੋਚਣਾ ਪਵੇਗਾ। ਅਸੀਂ ਇਹਨਾਂ ਦਾ ਗੋਹਾ ਕੂੜਾ ਚੁਕਦੇ ਰਹੀਏ ਤੇ ਇਹ ਸਾਡੇ ਨਾਲ ਬਦਸਲੂਕੀਆਂ ਕਰਦੇ ਰਹਿਣ। ਸਾਡਾ ਖੇਤਾਂ ਵਿਚ ਵੜਨਾ ਬੰਦ ਕਰ ਦੇਣ।—ਮਿਲਖੀ ਬਾਈ ਕਿਥੇ ਗਿਆ ਏ ?

ਜੀਤੋ : ਜਿਥੇ ਜਾਂਦਾ ਹੁੰਦਾ ਏ, ਸਰਦਾਰਾਂ ਦੇ ਗਿਆ ਏ, ਮਾਇਆ ਵਾਲੀ ਪੱਗ ਬੰਨ ਕੇ।

ਕੈਲਾ : ਦੇਖ ਲੈ ਭਾਬੀ ਐਤਕੀਂ ਅਸੀਂ ਵੋਟ ਸਰਦਾਰਾਂ ਨੂੰ ਨਹੀਂ ਸੀ ਪਾਈ। ਪਰ ਸਰਦਾਰ ਹੀ ਹੁਣ ਸਾਡੀ ਮਦਦ ਤੇ ਪਿਆ ਆਂਦਾ ਏ। ਉਹਨੇ 45 ਰੁਪਏ ਦਿਹਾੜੀ ਤੇ ਚਾਰ ਪੰਜ ਜਨਿਆਂ ਨੂੰ ਲਾ ਵੀ ਲਿਆ ਏ, ਜਦੋਂ ਬਾਕੀ ਜੱਟ ਅੜੇ ਹੋਏ ਨੇ। ਅਸੀਂ ਸਰਪੰਚ ਨੂੰ ਆਪਣੇ ਵਲ ਦਾ ਸਮਝਦੇ ਸੀ, ਪਰ ਉਹ ਵੀ ਜੱਟਾਂ ਦਾ ਸਾਥ ਹੀ ਦੇਂਦਾ ਏ।

ਜੀਤੋ : ਇਸ ਤਰ੍ਹਾਂ ਨਾ ਕਹਿ ਵੀਰਾ, ਸਰਦਾਰ ਤੁਹਾਡੀ ਮੱਦਦ ਲਈ ਨਹੀਂ ਆ ਰਿਹਾ, ਉਹ ਤਾਂ ਆਪਣਾ ਫਾਇਦਾ ਸੋਚਦਾ ਏ। ਉਹ ਤਾਂ ਚਾਹੁੰਦਾ ਏ ਤੁਸੀਂ ਦਿਹਾੜੀ ਨਾ ਜਾਓ, ਤਾਂ ਜੋ ਜੱਟ ਫੇਰ ਉਹਦੀ ਮਸ਼ੀਨ ਲੈ ਕੇ ਵਾਢੀ ਕਰਨ ਤੇ ਉਹ ਉਹਨਾਂ ਕੋਲੋਂ ਮੂੰਹ ਮੰਗਿਆ ਭਾੜਾ ਲਏ।

ਕੈਲਾ : ਇਹ ਤੈਨੂੰ ਕਿਵੇਂ ਪਤਾ ਏ ?

ਜੀਤੋ : ਸਰਦਾਰਾਂ ਦਾ ਜਿੰਨਾ ਮੈਨੂੰ ਪਤਾ ਏ, ਹੋਰ ਕਿਸੇ ਨੂੰ ਨਹੀਂ ਪਤਾ, ਉਹ ਇਕ ਕਮੀਨਾ ਬੰਦਾ ਏ।

ਕੈਲਾ : ਪਰ ਮਿਲਖੀ ਬਾਈ ਤਾਂ ਉਹਦੇ ਸੋਹਲੇ ਗਾਂਦਾ ਥੱਕਦਾ ਨਹੀਂ।

ਜੀਤੋ : ਇਹੀ ਤਾਂ ਮੈਨੂੰ ਦੁੱਖ ਏ, ਮੇਰੇ ਆਦਮੀ ਦਿਆਂ ਹੱਡਾਂ ਵਿਚ ਉਹਨੇ ਪਾਣੀ ਪਾ ਦਿਤਾ ਏ, ਤੁਸੀਂ ਮੇਰੀ ਮੰਨੋ ਜੱਟਾਂ ਨਾਲ ਬੈਠ ਕੇ ਫੈਸਲਾ ਕਰੋ ਇਸ ਤਰ੍ਹਾਂ ਤਾਂ ਵਿਹੜੇ ਵਿਚ ਬਾਲ ਭੁੱਖ ਨਾਲ ਮਰ ਜਾਣਗੇ।

ਕੈਲਾ : ਇਸ ਬਾਰੇ ਤਾਂ ਅਸੀਂ ਹਰ ਵੇਲੇ ਸੋਚਦੇ ਹਾਂ, ਪਰ ਬੰਦਿਆਂ ਨੇ ਮੰਨਣਾ ਨਹੀਂ ਉਹ ਕਹਿੰਦੇ ਨੇ ਇਸ ਵਾਰ ਦੋ ਟੁੱਕ ਫੈਸਲਾ ਹੋ ਹੀ ਜਾਏ।

ਜੀਤੋ : ਤੂੰ ਉਹਨਾਂ ਨੂੰ ਸਮਝਾ ਸਰਪੰਚ ਫੇਰ ਵੀ ਉਹਨਾਂ ਦਾ ਭਲਾ ਚਾਹੁਣ ਵਾਲਾ ਏ, ਸਰਦਾਰ ਨਹੀਂ, ਸਰਦਾਰ ਤਾਂ ਕਿਸੇ ਦਾ ਭਲਾ ਚਾਹੁਣ ਵਾਲਾ ਨਹੀਂ।

ਕੈਲਾ : ਅੱਛਾ ਮੈਂ ਗੱਲ ਕਰ ਕੇ ਵੇਖਣਾ ਹਾਂ ਬਾਕੀਆਂ ਨਾਲ।

ਜੀਤੋ : ਮੈਂ ਵੀ ਸਾਰੇ ਗੱਲ ਕਰਾਂਗੀ ਤੂੰ ਮੇਰੀਆਂ ਗੱਲਾਂ ਦਾ ਧਿਆਨ ਰੱਖੀ।

ਕੈਲਾ : ਅੱਛਾ (ਜਾਂਦਾ ਹੈ) ਜੀਤੋ ਦੂਜੇ ਪਾਸੇ ਜਾਂਦੀ ਹੈ।

(ਝਾਕੀ ਦੂਜੀ—ਪਿੰਡ ਦੀ ਸੱਥ)

ਲੱਖਾ ਸਿੰਘ : ਦੇਖੋ ਸਰਪੰਚ ਜੀ ਇਸ ਤਰ੍ਹਾਂ ਤਾਂ ਇਹ ਵਿਹੜੇ ਵਾਲੇ ਸਿਰੇ ਹੀ ਚੜ੍ਹਦੇ ਜਾਣਗੇ। ਭਈਏ ਨਹੀਂ ਆਏ ਤਾਂ ਇਹਦਾ ਇਹ ਮਤਲਬ ਨਹੀਂ ਕਿ ਇਹਨਾਂ ਨੂੰ ਮੂੰਹ ਮੰਗੀ ਦਿਹਾੜੀ ਦੇ ਦੇਵੋ।

ਸਰਪੰਚ : ਮੂੰਹ ਮੰਗੀ ਨਾ ਦੇਵੋ, ਪਰ ਫੈਸਲਾ ਤਾਂ ਕਰਨਾ ਹੀ ਪੈਣਾ ਏ। ਸਾਰੇ ਦਿਹਾੜੀਏ ਹੜਤਾਲ ਤੇ ਬੈਠੇ ਨੇ। ਫਸਲਾਂ ਇਸ ਤਰ੍ਹਾਂ ਖੇਤਾਂ ਵਿਚ ਖਲੋਤੀਆਂ ਰਹਿਣ ਤਾਂਵੀ ਤਾਂ ਤਬਾਹੀ ਏ।

ਲੱਖਾ ਸਿੰਘ : ਹੜਤਾਲ ਖੋਲਵਾਨ ਦਾ ਫੇਰ ਹੋਰ ਤਰੀਕਾ ਵੀ ਅਸੀਂ ਜਾਣਦੇ ਹਾਂ।

ਸਰਪੰਚ : ਕੀ ?

ਲੱਖਾ ਸਿੰਘ : ਅਸੀਂ ਵੀ ਉਹਨਾਂ ਦਾ ਬਾਈਕਾਟ ਕਰਾਂਗੇ। ਆਪਣੇ ਖੇਤਾਂ ਵਿਚ ਉਹਨਾਂ ਦਾ ਜੰਗਲ ਪਾਣੀ ਬੰਦ ਕਰਾਂਗੇ ਤਾਂ ਵੀ ਉਹਨਾਂ ਨੂੰ ਸੁਰਤ ਆਏਗੀ। ਬਾਕੀ ਰਹੇ ਫਸਲਾਂ ਦੀ ਗਲ, ਹੁਣ ਸਰਦਾਰਾਂ ਦੀ ਕੰਬਾਇਨ ਪਿੰਡ ਆ ਹੀ ਗਈ ਏ। ਤੂੜੀ ਦਾ ਨੁਕਸਾਨ ਹੋਵੇਗਾ ਹੀ, ਪਰ ਇਹਨਾਂ ਕੰਮੀਆਂ ਦੇ ਥੱਲੇ ਅਸੀਂ ਨਹੀਂ ਲੱਗ ਸਕਦੇ।

ਸਰਪੰਚ : ਲੱਖਾ ਸਿਆਂ, ਇਹ ਕਿਉਂ ਭੁਲਦੇ ਹੋ ਇਹਨਾਂ ਕੰਮੀਆਂ ਨਾਲ ਸਾਡੀ ਤੁਹਾਡੀ ਪੁਸ਼ਤਾਂ ਤੋਂ ਸਾਂਝ ਏ। ਇਹ ਧਰਤੀ ਸਾਨੂੰ ਵੀ ਰੋਟੀ ਦੇਂਦੀ ਏ, ਇਹ ਧਰਤੀ ਉਹਨਾਂ ਨੂੰ ਵੀ ਰੋਟੀ ਦੇਂਦੀ ਏ। ਜਲਦ ਬਾਜ਼ੀ ਵਿਚ ਆ ਕੇ ਸਾਨੂੰ ਇਹ ਸਾਂਝ ਨਹੀਂ ਤੋੜਨੀ ਚਾਹੀਦੀ।

ਲੱਖਾ ਸਿੰਘ : ਪਰ ਚਾਚਾ ਇਹ ਵੀ ਤਾਂ ਹਨੇਰ ਗਰਦੀ ਏ ਕਿ ਇਹ ਸਿੱਧਾ ਤੀਹ ਤੋਂ 45 ਰੁਪਏ ਦੀ ਦਿਹਾੜੀ ਮੰਗਣੀ ਸ਼ੁਰੂ ਕਰ ਦੇਣ।

ਸਰਪੰਚ : ਮੈਨੂੰ ਤਾਂ ਲਗਦੈ ਉਹ ਕਿਸੇ ਦੀ ਚੁੱਕ ਤੇ ਇਹ ਕਰ ਰਹੇ ਨੇ, ਜੇਕਰ ਅਸੀਂ ਥੋੜੀ ਜਿਹੀ ਸਿਆਣਪ ਵਰਤੀਏ, ਸਭ ਠੀਕ ਹੋ ਜਾਏ।

ਲੱਖਾ ਸਿੰਘ : ਚੁੱਕ ਚੁਕਾ ਦਾ ਕੀ ਮਤਲਬ ਏ ?

ਸਰਪੰਚ : ਮੈਨੂੰ ਤਾਂ ਇਹ ਸਭ ਸਰਦਾਰ ਦੀ ਚਾਲ ਲਗਦੀ ਏ।

ਲੱਖਾ ਸਿੰਘ : ਉਹ ਕਿਵੇਂ ?

ਸਰਪੰਚ : ਤੂੰ ਇਹ ਤਾਂ ਜਾਣਦਾ ਏਂ ਕਿ ਸਰਦਾਰਾ ਖਾਸ ਸਰਦਾਰਾਂ ਦਾ ਬੰਦਾ ਏ ਤੇ ਇਹ ਵੀ ਜਾਨਣਾ ਕਿ ਮਿਲਖੀ ਵਿਹੜੇ ਵਾਲਾ ਵੀ ਹਰ ਵੇਲੇ ਸਰਦਾਰ ਦੀ ਕੋਠੀ ਵੜਿਆਂ ਰਹਿੰਦਾ ਏ।

ਲੱਖਾ ਸਿੰਘ : ਆਹੋ ਉਹਦਾ ਨਸ਼ਾ ਪਾਣੀ ਸਰਦਾਰ ਦੇ

ਪੱਲੇ ਤੋਂ ਚਲਦਾ ਏ।

ਸਰਪੰਚ : ਤੇ ਸਰਦਾਰ ਨਸ਼ਾ ਪਾਣੀ ਐਵੇਂ ਤਾਂ ਕਰ-ਵਾਉਂਦਾ ਨਹੀਂ, ਕੋਈ ਨਾ ਕੋਈ ਕੰਮ ਉਹਨੇ ਲੈਣਾ ਹੁੰਦਾ ਏ। ਇਹ ਕਲ ਰਾਤ ਦੀ ਗੱਲ ਏ ਮਿਲਖੀ ਸਰਦਾਰੇ ਹੋਰਾਂ ਨਾਲ ਬੈਠਾ ਦੇਰ ਰਾਤ ਤਕ ਪੀਂਦਾ ਰਿਹਾ। ਸਰਦਾਰੇ ਤੇ ਮਿਲਖੀ ਨੂੰ ਜਦੋਂ ਮੈਂ ਕੱਠਿਆਂ ਵੇਖਿਆ, ਮੈਨੂੰ ਤਾਂ ਉਦੋਂ ਹੀ ਖੁੱਟਕ ਗਈ ਕਿ ਦਾਲ ਵਿਚ ਕੁਝ ਕਾਲਾ ਏ। ਤੁਸੀਂ ਇੰਝ ਕਰੋ, ਸਾਰੇ ਜੱਟਾਂ ਦਾ ਇਕੱਠੇ ਕਰੋ, ਕੋਈ ਨਾ ਕੋਈ ਹਲ ਲੱਭਾਂਗੇ।

ਲੱਖਾ ਸਿੰਘ : ਚਾਚਾ ਵਿਹੜੇ ਵਾਲੇ ਤੇਰੇ ਅਸਰ ਥੱਲੇ ਨੇ, ਜੇ ਤੂੰ ਸਮਝਾ ਸਕਦੈਂ ਤਾਂ ਸਮਝਾ ਲੈ, ਨਹੀਂ ਫੇਰ ਸਾਨੂੰ ਰਾਹ ਲੱਭਣਾ ਪੈਣਾ ਏ।

(ਕੈਲਾ ਆਂਦਾ ਹੈ)

ਕੈਲਾ : ਨਾ, ਰਾਹ ਸਾਰੇ ਤੁਹਾਨੂੰ ਹੀ ਆਂਦੇ ਨੇ, ਸਾਨੂੰ ਨਹੀਂ ਆਂਦੇ ?

ਲੱਖਾ ਸਿੰਘ : ਮੈਂ ਤੈਨੂੰ ਨਹੀਂ ਕੁਝ ਕਿਹਾ, ਆਉਂਦਿਆਂ ਹੀ ਹੱਲਕਿਆਂ ਵਾਂਗ ਸ਼ੁਰੂ ਹੋ ਗਿਆ ਏਂ।

ਕੈਲਾ : ਹਰ ਇਕ ਗੱਲ ਦੀ ਹੱਦ ਹੁੰਦੀ ਏ, ਇਹ ਠੀਕ ਏ ਜਮੀਨਾਂ ਦੇ ਮਾਲਕ ਤੁਸੀਂ ਜੇ, ਪਰ ਇਹਦਾ ਇਹ ਮਤਲਬ ਨਹੀਂ ਕਿ ਸਾਡੇ ਰਿਜਕ ਦੇ ਮਾਲਕ ਵੀ ਤੁਸੀਂ ਹੋ।

ਲੱਖਾ ਸਿੰਘ : ਓਏ ਜੇ ਅਸੀਂ ਤੁਹਾਨੂੰ ਕੰਮ ਨਾ ਦੇਈਏ ਤਾਂ ਭੁਖੇ ਮਰ ਜਾਓ।

ਕੈਲਾ : ਤੇ ਜੇ ਅਸੀਂ ਤੁਹਾਡੇ ਕੰਮ ਨਾ ਕਰੀਏ ਤਾਂ ਫਸਲਾਂ ਤੁਹਾਡੀਆਂ ਖੜੀਆਂ ਖਲੋਤੀਆਂ ਰਹਿਣ। ਇਹ ਤੁਹਾਡੀਆਂ ਸਰਦਾਰੀਆਂ ਸਾਡੇ ਸਿਰ ਤੇ ਨੇ।

ਲੱਖਾ ਸਿੰਘ : ਵੇਖੇ ਹੋਏ ਨੇ ਤੁਸੀਂ ਵਡੇ ਰਿਜ਼ਕ ਦਾਤੇ। ਜੂਠਾਂ ਖਾਣ ਵਾਲੇ।

ਕੈਲਾ : ਜੂਠਾਂ ਜਿਹੜੀਆਂ ਖਾਣੀਆਂ ਸਨ, ਖਾ ਲਈਆਂ, ਹੁਣ ਤਾ ਅਸੀਂ ਤੁਹਾਡੀਆਂ ਸੁੱਚੀਆਂ ਤੇ ਵੀ ਨਹੀਂ ਥੁੱਕਦੇ।

ਸਰਪੰਚ : ਓਏ ਤੁਹਾਨੂੰ ਕੀ ਕਮਲ ਕੁਦਿਆ ਹੋਇਆ ਏ। ਚੱਜ ਦੀ ਗੱਲ ਕਰੋ। ਮੇਹਣੇ-ਬਾਜ਼ੀਆਂ ਪਏ ਕਰਦੇ ਹੋ। ਇੰਝ ਨਹੀਂ ਕਿਸੇ ਗੱਲ ਦਾ ਫੈਸਲਾ ਹੁੰਦਾ।

ਲੱਖਾ ਸਿੰਘ : ਫ਼ੈਸਲਾ ਤਾਂ ਚਾਚਾ ਇਹਨਾਂ ਨਾਲ ਹੁਣ ਹੋਰ ਤਰ੍ਹਾਂ ਹੀ ਹੋਏਗਾ। ਅਸੀਂ ਕੋਈ ਕਮੀਨ ਆਂ ਜਿਹੜੇ ਇਹਨਾਂ ਵਡੇ ਸ਼ਾਹਾਂ ਕੋਲੋਂ ਖੈਰ ਮੰਗਣ ਜਾਈਏ ਕਿ ਸ੍ਰੀ ਮਾਨ ਜੀ ਸਾਡੇ ਖੇਤਾਂ ਵਿਚ ਕੰਮ ਕਰਨ ਆਓ। ਅਸੀਂ ਮਾਲਕ ਹਾਂ ਪਿੰਡ ਦੇ, ਸਾਰਾ ਸਾਲ ਇਹ ਸਾਡਿਓਂ ਕੱਖ ਪੱਠਾ ਢੋਂਦੇ ਆਂ। ਸਾਗ, ਭਾਜੀ ਤੋੜਦੇ ਆਂ, ਲੱਸੀ ਪਾਣੀ ਲਿਜਾਂਦੇ ਆਂ-

ਕੈਲਾ : ਇਹ ਕੱਖ, ਪੱਠਾ, ਸਾਗ, ਭਾਜੀ, ਲੱਸੀ ਪਾਣੀ ਆਪਣੀ ਗਰਜ ਨਾਲ ਦੇਂਦੇ ਹੋ, ਕੋਈ ਦਾਨ ਨਹੀਂ ਦੇਂਦੇ। ਜ਼ਮੀਨਾਂ ਤੁਹਾਡੀਆਂ, ਮੇਹਨਤ ਸਾਡੀ, ਇਸ ਲਈ ਬਰਾਬਰ ਦੇ ਹਿੱਸੇਦਾਰ ਹਾਂ। ਦਿਹਾੜੀ ਲਵਾਂਗੇ ਪੂਰੀ, ਰੋਟੀ ਖਾਵਾਂਗੇ ਆਪਣੀ। ਕੱਖ ਪੱਠਾ ਲਵਾਂਗੇ ਤਾਂ ਪਹਿਲੇ ਮਿੱਥ ਕੇ ਲਵਾਂਗੇ। ਡੰਗਰ ਵੱਛਾ ਰਖਾਂਗੇ ਆਪਣਾ, ਲੱਸੀ ਪਾਣੀ ਪੀਵਾਂਗੇ ਆਪਣਾ, ਅਸੀਂ ਆਪਣੇ ਡੰਗਰ ਵੱਛੇ ਦਾ ਗੋਹਾ ਕੂੜਾ ਸਾਂਭਾਂਗੇ ਆਪ ਤੇ ਤੁਹਾਡੇ ਡੰਗਰ ਵੱਛੇ ਦਾ ਗੋਹਾ ਕੂੜਾ ਸਾਂਭੋਗੇ ਤੁਸੀਂ ਆਪ, ਫੇਰ ਪਤਾ ਲਗੇਗਾ ਕਿਸ ਭਾਅ ਵਿਕਦੀ ਏ।

ਲੱਖਾ ਸਿੰਘ : ਤੇ ਤੁਹਾਡਾ ਵੀ ਲੱਸੀ ਪਾਣੀ ਜਦੋਂ ਬੰਦ ਹੋ ਗਿਆ, ਤੇ ਭਾਅ ਤੁਹਾਨੂੰ ਵੀ ਪਤਾ ਲੱਗ ਜਾਏਗਾ —ਵੱਡੇ ਸ਼ਾਹ।

ਕੈਲਾ : ਜੇ ਸ਼ਾਹ ਅਸੀਂ ਨਹੀਂ ਤਾਂ ਸ਼ਾਹ ਤੁਸੀਂ ਵੀ ਨਹੀਂ, ਜਾਓ ਜਾ ਕੇ ਦੇਖੋ ਵਹੀਆਂ ਤੇ ਆਪਣੇ ਵਡੇਰਿਆਂ ਦੇ ਗੂਠੇ ਲਗੇ—ਨੰਗ ਕਿਸੇ ਥਾਂ ਦੇ — ਪੰਜ ਕਿਲੇ ਜ਼ਮੀਨ ਤੇ ਆਕੜੇ ਫਿਰਦੇ ਨੇ ਇਹ ਨਹੀਂ ਪਤਾ ਕਿ ਕੱਲ ਪੰਜ ਸ਼ਰੀਕਾਂ ਵਿਚ ਇਹ ਵੰਡੀ ਜਾਣੀ ਏ—

ਲੱਖਾ ਸਿੰਘ : ਵੰਡੀ ਜਾਣੀ ਏ ਤਾਂ ਤੁਹਾਡੇ ਕੋਲੋਂ ਮੰਗਣ ਨਹੀਂ ਆਉਣ ਲੱਗੇ।

ਕੈਲਾ : ਬੱਚੂ ਜਿਹੜੀਆਂ ਇਹ ਵਿਹਲੀਆਂ ਖਾਣ ਗਿਝ ਗਏ ਹੋ, ਅਖੀਰ ਤੁਹਾਨੂੰ ਮੰਗਣ ਆਉਣਾ ਪੈਣਾ ਏ—

ਲੱਖਾ ਸਿੰਘ : ਚਾਚਾ ਸਮਝਾ ਲੈ ਇਹਨੂੰ, ਮੈਂ ਲਿਹਾਜ਼ ਪਿਆ ਕਰਨਾ ਹਾਂ। ਇਹ ਕੁਜਾਤ ਅਗੇ ਹੀ ਵੱਧਦੀ ਜਾਂਦੀ ਏ—

ਕੈਲਾ : ਇਹ ਕੁਜਾਤ ਕਿਨੂੰ ਆਖਿਆ ? ਇਕ ਵਾਰੀ ਫੇਰ ਕਹਿ ਮੈਂ ਸਿਰ ਨਾ ਪਾੜ ਦੇਵਾਂ।

ਲੱਖਾ ਸਿੰਘ : ਇਕ ਵਾਰੀ ਕੀ ਸੌ ਵਾਰੀ ਕਹਾਂਗਾ — ਕੁਜਾਤ—ਕੁਜਾਤ। (ਬੜਕ ਮਾਰਦਾ ਹੈ)

ਕੈਲਾ : ਠਹਿਰ ਤੇਰੀ ਭੈਣ ਦੀ......

(ਸਰਪੰਚ ਵਿਚ ਪੈ ਕੇ ਲੱਖਾ ਸਿੰਘ ਨੂੰ ਪਰ੍ਹੇ ਕਰਦਾ ਹੈ—ਕੈਲਾ ਬੜਕ ਮਾਰਦਾ ਜਦੋਂ ਪਿੱਠ ਕਰਦਾ ਹੈ ਤਾਂ ਲੱਖਾ ਬੜਕ ਮਾਰਦਾ ਹੈ— ਇਹ ਲੜਾਈ ਚੰਗੀ ਗਰਮ ਹੁੰਦੀ ਹੈ 'ਸਾਲਿਆ ਤੈਨੂੰ ਬੰਦੂਕ ਨਾਲ ਉਡਾਊ' ਕਹਿੰਦਾ ਲੱਖਾ ਜਾਂਦਾ ਹੈ)

ਸਰਪੰਚ : ਓਏ ਮੂਰਖੋ ਤੁਹਾਨੂੰ ਕੀ ਹੋਇਆ ਏ ?

ਕੈਲਾ : ਚਾਚਾ ਤੂੰ ਵਿਚ ਐਵੇਂ ਪਿਆ—ਵੇਖ ਲੈਂਦਾ ਵਡੇ ਅਤਿਵਾਦੀ ਨੂੰ।

ਲੱਖਾ ਸਿੰਘ : (ਫੇਰ ਮੁੜਕੇ ਆਂਦਾ ਹੈ) ਓਏ ਅਤਿਵਾਦੀ ਬਣ ਕੇ ਤੈਨੂੰ ਦਿਖਾ ਦੇਵਾਂਗਾ। ਲਾਸ਼ ਤੇਰੀ ਰੜੇ ਨਾ ਰੁੱਲੀ ਤਾਂ ਆਖੀ।

(ਸਰਪੰਚ ਲੱਖੇ ਨੂੰ ਵਾਪਸ ਧੱਕਦਾ ਹੈ—ਮਿਲਖੀ ਆ ਕੇ ਕੈਲੇ ਨੂੰ ਪਿਛੋਂ ਜੱਫਾ ਪਾਂਦਾ ਹੈ।)

ਮਿਲਖੀ : ਓਏ ਕੈਲਿਆ, ਹੋਸ਼ ਕਰ ਕੀ ਹੋਇਆ ਏ ਤੈਨੂੰ।

ਕੈਲਾ : ਮੈਨੂੰ ਕੀ ਹੋਣਾ ਐ, ਇਹੀ ਬਹੁਤੇ ਆਫਰੇ ਹੋਏ ਨੇ।

ਲੱਖਾ ਸਿੰਘ : (ਫੇਰ ਮੁੜਦਾ ਹੋਇਆ) ਤੈਨੂੰ ਦਸ ਦੇਵਾਂਗੇ ਕੌਣ ਆਫਰਿਆ ਹੋਇਆ ਏ ?

(ਸਰਪੰਚ ਫੇਰ ਉਹਨੂੰ ਪਰੇ ਧੱਕਦਾ ਹੈ, ਮਿਲਖੀ ਜਾ ਕੇ ਹੱਥ ਜੋੜਦਾ ਏ—'ਜਾਹ ਭਾਈਆ ਜਾਹ ਤੁਸੀਂ ਹੀ ਵਡੇ' ਹੁਣ ਲੱਖਾ ਸਿੰਘ ਚਲਾ ਜਾਂਦਾ ਹੈ।)

ਸਰਪੰਚ : ਜਿਸ ਗੱਲ ਦਾ ਮੈਨੂੰ ਡਰ ਸੀ, ਓਹੀ ਹੋ ਕੇ ਹਟੀ, ਹੁਣ ਇਹ ਜਾ ਕੇ ਜੱਟਾਂ ਨੂੰ ਚੁਕੇਗਾ, ਜੇ ਫੈਸਲਾ ਹੋਣਾ ਵੀ ਸੀ, ਹੁਣ ਨਹੀਂ ਹੋ ਸਕਨਾ।

ਮਿਲਖੀ : ਸਰਪੰਚਾ, ਅਸੀਂ ਆਪਣੀ ਇਜ਼ਤ ਵੇਚ ਕੇ ਫੈਸਲਾ ਨਹੀਂ ਕਰਨਾ।

ਕੈਲਾ : ਨਾ ਬਾਈ, ਤੂੰ ਉਹਦੇ ਅਗੇ ਜਾ ਕੇ ਕਿਉਂ ਹੱਥ ਜੋੜੇ।

ਮਿਲਖੀ : ਨਾ ਹੋਰ ਸਿਰ ਪਾੜ ਜਾਂਦੇ ਤਾਂ ਚੰਗੇ ਰਹਿੰਦੇ।

ਕੈਲਾ : ਪਾੜ ਜਾਣ ਦੇਂਦਾ ਸਿਰ। ਹੁਣ ਉਹਨੂੰ ਮੇਰੀਆਂ ਜਾਂ ਆਪਣੀਆਂ ਕਹੀਆਂ ਗੱਲਾਂ ਤਾਂ ਯਾਦ ਨਹੀਂ ਰਹਿਣੀਆ, ਪਰ ਤੇਰੇ ਹੱਥ ਜੋੜੇ ਯਾਦ ਰਹਿਣੇ ਨੇ। ਜਾ ਕੇ ਸੱਥ ਵਿਚ ਬੜਕਾਂ ਮਾਰੇਗਾ—ਮੈਂ ਤਾਂ ਕੈਲੇ ਨੂੰ ਥਾਂ ਸਿਰ ਚਿੱਤ ਕਰ ਦੇਣਾ ਸੀ ਜੇਕਰ ਵਿਹੜੇ ਵਾਲਾ ਮਿਲਖੀ ਹੱਥ ਨਾ ਜੋੜਦਾ—

ਮਿਲਖੀ : ਓਏ ਦੇਖੋ ਲੋਕੋ, ਅੱਜ ਰਿਹਾ ਕੋਈ ਭਲ਼ੇ ਦਾ ਜ਼ਮਾਨਾ, ਮੈਂ ਵਿਚ ਪੈ ਕੇ ਲੜਾਈ ਮੁਕਾਈ ਏ, ਤੇ ਮੈਨੂੰ ਹੀ ਬੁਰਾ ਭਲਾ ਕਹਿਣ ਲੱਗ ਪਿਆ ਏ—

ਸਰਪੰਚ : ਓਟੇ ਜਾਓ ਆਪਣੇ ਘਰ, ਹੋਰ ਕਿਸੇ ਦਾ ਸਿਰ ਪਾੜ ਜਾਂਦਾ ਤਾਂ ਥਾਨੇ ਨੇ ਆ ਚੜਣਾ ਸੀ। ਦੋਨਾਂ ਦਾ ਫੌਜਦਾਰੀ ਦਾ ਪਰਚਾ ਕੱਟਿਆ ਜਾਣਾ ਸੀ ਤੇ ਮੇਰੀ ਗਵਾਹੀਆਂ ਵਿਚ ਵੱਖ ਖੱਜਲ ਖਰਾਬੀ ਹੋਣੀ ਸੀ।

ਮਿਲਖੀ : ਚਲ ਓਏ ਕੈਲਿਆ ਘਰ, ਗੁਸਾ ਥੁੱਕਦੇ। ਸਮਝ ਲੈ ਮੇਰੇ ਕੋਲੋਂ ਗਲਤੀ ਹੋਈ ਏ।

(ਉਹਨੂੰ ਲੈ ਕੇ ਜਾਂਦਾ ਹੈ)

ਸਰਪੰਚ : ਮੈਂ ਤਾਂ ਸਰਪੰਚੀ ਸਾਂਭੀ ਸੀ ਕਿ ਸਾਰੇ ਰਲ ਮਿਲ ਕੇ ਪਿੰਡ ਦਾ ਕੁਝ ਸੁਆਰਾਂਗੇ ਪਰ ਇਥੇ ਕੋਈ ਨਾ ਕੋਈ ਬਿਪਤਾ ਪਈ ਰਹਿੰਦੀ ਏ। ਪਿਛਲੇ ਸਾਲ ਦੋ ਭਈਏ ਮਾਰੇ ਗਏ ਥਾਨਾ ਚੜ੍ਹਿਆ ਰਿਹਾ ਕਿ ਅਤਿਵਾਦੀ ਪਿੰਡ ਵਿਚ ਛੁਪੇ ਹੋਏ ਨੇ। ਹੁਣ ਇਹ ਦਿਹਾੜੀਆਂ ਵਾਲਿਆਂ ਦੀ ਬਿਪਤਾ ਪੈ ਗਈ ਏ। ਪਤਾ ਨਹੀਂ ਪਿੰਡ ਨੂੰ ਕਿਸ ਨੇ ਸਰਾਪ ਦੇ ਦਿਤਾ ਏ। ਪਿੰਡ ਨੂੰ ਨਹੀਂ, ਹੁਣ ਤੇ ਇੰਝ ਹੀ ਲੱਗਦਾ ਏ, ਸਾਰੀ ਧਰਤੀ ਹੀ ਸਰਾਪੀ ਗਈ ਏ, ਕੋਈ ਸ਼ੈਤਾਨ ਦੀ ਰੂਹ ਆ ਵੜੀ ਏ ਪਿੰਡ ਵਿਚ—

ਜੀਤੋ : (ਆਂਦੇ ਹੋਏ) ਸਰਪੰਚ ਜੀ, ਇਹ ਸ਼ੈਤਾਨ ਦੀ ਰੂਹ ਕੋਈ ਨਵੀਂ ਨਹੀਂ। ਇਹ ਪਹਿਲੇ ਹੀ ਇਥੇ ਵੇ।

ਸਰਪੰਚ : ਜੀਤ ਕੋਰੇ ਕੀ ਗੱਲ ਏ ? ਕਿਹੜੀ ਏ ਸ਼ੈਤਾਨ ਦੀ ਰੂਹ ?

ਜੀਤੋ : ਸਰਪੰਚ ਜੀ, ਇਹ ਸਾਰੀ ਅੱਗ ਸਰਦਾਰ ਦੀ ਲਗਾਈ ਹੋਈ ਏ। ਹੁਣ ਤੁਹਾਡੇ ਕੋਲ ਕੀ ਲੁਕਾਅ—ਮੇਰਾ ਆਪਣਾ ਆਦਮੀ ਏ ਉਹਦਾ ਵਿਕਿਆ ਹੋਇਆ, ਓਹ ਤੇ ਸਰਦਾਰਾ ਰਲ ਕੇ ਦੋਨੋਂ ਪਾਸੇ ਲੂਤੀ ਲਾ ਰਹੇ ਨੇ—(ਇਧਰ ਉਧਰ ਵੇਖ ਕੇ) ਕਿਧਰੇ ਕੋਈ ਵੇਖ ਨਾ ਲਏ, ਇਸ ਲਈ ਮੈਂ ਚਲਦੀ ਹਾਂ। ਪਰ ਇਕ ਗੱਲ ਸਾਫ ਏ, ਇਹ ਅੱਗ ਸਾਰੀ ਸਰਦਾਰ ਦੀ ਲਾਈ ਹੋਈ ਏ। ਦੋਨੋਂ ਪਾਸੇ ਇਹ ਗੱਲ ਸਮਝਾਉਣ ਵਾਲੀ ਏ—ਤੁਸੀਂ ਪਹਿਲੇ ਸਾਡੇ ਵਿਹੜੇ ਵਿਚ ਗੱਲ ਸ਼ੁਰੂ ਕਰੋ—ਮੈਂ ਵੀ ਉਥੇ ਗੱਲ ਕਰਾਂਗੀ।

ਸਰਪੰਚ : ਅੱਛਾ ਤੂੰ ਚਲ, ਮੈਂ ਦੁਪਹਿਰੀ ਆਵਾਂਗਾ।

(ਜੀਤੋ ਇਕ ਪਾਸੇ ਜਾਂਦੀ ਹੈ ਤੇ ਸਰਪੰਚ ਦੂਸਰੇ ਪਾਸੇ ਜਾਂਦਾ ਹੈ।)

### ਸੀਨ ਤੀਸਰਾ

### ਸਰਦਾਰ ਦੀ ਬੈਠਕ

ਸਰਦਾਰ : ਫੇਰ ਮਿਲਖੀ ਗੱਲ ਕਿਥੋਂ ਤਕ ਪੁੱਜੀ ਹੈ ?

ਮਿਲਖੀ : ਜਿਥੇ ਅਸੀਂ ਪੁਚਾਣਾ ਚਾਹੁੰਦੇ ਸੀ।

ਸਰਦਾਰ : ਕੀ ਮਤਲਬ ?

ਮਿਲਖੀ : ਮਤਲਬ ਕੇ ਦੋਨੋਂ ਧਿਰਾਂ ਪੂਰੀ ਤਰ੍ਹਾਂ ਲੜਣ ਤੇ ਆ ਜਾਣ, ਪਰ ਲੜਣ ਨਾਂ।

ਸਰਦਾਰ : ਸਮਝਿਆ ਨਹੀਂ ?

ਮਿਲਖੀ : ਸਰਦਾਰ ਜੀ ਜੋ ਲੜਣ ਤੇ ਆ ਜਾਣ, ਪਰ ਲੜਣ ਨਾਂ ਯਾਨੀ ਸਿਰ ਪਾੜਣ ਤੇ ਆ ਜਾਣ ਪਰ ਪਾੜਣ ਨਾਂ ਤਾਂ ਚੌਧਰ ਹੋਵੇਗੀ ਸਾਡੇ ਕੋਲ—ਪਰ ਜੇਕਰ ਸਿਰ ਪਾੜ ਜਾਵੇ ਤੇ ਫੇਰ ਚੌਧਰ ਚਲੀ ਜਾਏਗੀ, ਥਾਨੇਦਾਰ ਕੋਲ। ਸੋ ਗੱਲ ਪੁਚਾਈ ਹੈ ਉਥੋਂ ਤਕ ਕਿ ਚੌਧਰ ਸਾਡੇ ਕੋਲ ਹੀ ਰਹੇ। ਜੱਟਾਂ ਵਿਚੋਂ

ਲੱਖੇ ਨੂੰ ਤੇ ਵਿਹੜੇ ਵਾਲਿਆਂ ਵਿਚੋਂ ਕੈਲੇ ਨੂੰ ਆਪਸ ਵਿਚ ਭਿੜਾ ਦਿਤਾ ਏ, ਪਰ ਜਦੋਂ ਸਿਰ ਪਾਟਨ ਤੇ ਆ ਗਿਆ, ਉਦੋਂ ਉਹਨਾਂ ਨੂੰ ਛੁੜਾ ਦਿਤਾ ਏ। ਤਾਂ ਜੋ ਦੋਨੋਂ ਲੋਹੇ ਲਾਖੇ ਹੋ ਕੇ ਆਪਣੀਆਂ ਆਪਣੀਆਂ ਧਿਰਾਂ ਕੋਲ ਪੁੱਜਣ, ਗੱਲ ਨੂੰ ਗਰਮ ਕਰਨ ਤੇ ਸਰਪੰਚ ਵਰਗੇ ਜੇ ਕਰ ਸੁਲਾਹ ਵੀ ਕਰਵਾਉਣਾ ਚਾਹੁਣ ਤਾਂ ਉਲਟੀਆਂ ਜੁੱਤੀਆਂ ਉਹਨਾਂ ਨੂੰ ਵੱਜਨ—

ਸਰਦਾਰ : ਬਸ ਮਿਲਖੀ ਮੈਂ ਇਹੋ ਚਾਹੁੰਦਾ ਸੀ। ਸਰਪੰਚ ਨੂੰ ਪੂਰੀ ਤਰ੍ਹਾਂ ਨੀਵਾਂ ਵਿਖਾਇਆ ਜਾਏ। ਤਾਂ ਜੋ ਦੁਨੀਆਂ ਜਾਣ ਜਾਏ ਕਿ ਪਿੰਡ ਦਾ ਮਾਲਕ ਸਰਦਾਰ ਏ, ਉਹ ਟੱਟ ਪੂੰਜੀਆ ਸਰਪੰਚ ਨਹੀਂ।

ਮਿਲਖੀ : ਸਰਪੰਚ ਦੀ ਹਾਲਤ ਤਾਂ ਸਰਦਾਰ ਜੀ ਉਥੇ ਦੇਖਣ ਵਾਲੀ ਸੀ। ਉਹ ਹੱਥ ਜੋੜੇ ਕਦੀ ਕੈਲੇ ਅਗੇ ਕਦੀ ਲੱਖੇ ਅਗੇ। ਪਰ ਉਹਦੀ ਕੋਈ ਨਾ ਸੁਣੇ। ਇਹ ਤਾਂ ਮੈਂ ਦੱਬਕਾ ਮਾਰਿਆ, ਦੋਨੋਂ ਥਾਂ ਸਿਰ ਖਲੋ ਗਏ। ਆਖਣ ਭਾਈ ਮਿਲਖੀ ਅਸੀਂ ਤੇਰੇ ਤਾਂ ਹੱਥ ਬੱਧੇ ਗੁਲਾਮ ਹਾਂ। ਇਕ ਗੱਲ ਜੇ ਸਰਦਾਰ ਜੀ, ਮੈਂ ਵਿਹੜੇ ਵਾਲਿਆਂ ਵਿਚ ਆਪਣਾ ਕੰਮ ਪੂਰੀ ਤਰ੍ਹਾਂ ਕਰ ਦਿਤਾ ਏ—ਪਰ ਜੱਟਾਂ ਵਿਚ ਸਰਦਾਰੇ ਦਾ ਕੰਮ ਜ਼ਰਾ ਢਿੱਲਾ ਏ।

ਸਰਦਾਰ : ਸਹੁਰੀ ਦਾ ਪੀ ਬਹੁਤੀ ਲੈਂਦਾ ਏ, ਅੱਜ ਉਹਨੂੰ ਪੁਛਣਾ ਹੈ।

ਮਿਲਖੀ : ਰਾਤੀਂ ਮੈਨੂੰ ਵੀ ਪਿਆਉਣ ਲਈ ਉਹਨੇ ਬੜਾ ਜ਼ੋਰ ਲਾਇਆ, ਪਰ ਮੈਂ ਆਖਿਆ ਮੈਂ ਨਹੀਂ ਪੀਣੀ। ਜੇ ਪੀ ਲੈਂਦਾ ਤਾਂ ਫੇਰ ਵਿਹੜੇ ਵਿਚ ਮੇਰੀ ਗੱਲ ਕਿੰਨੇ ਸੁਣਨੀ ਸੀ—

ਸਰਦਾਰ ; ਮਿਲਖੀ ਸਿਆਣੇ ਬੰਦੇ ਦੀ ਨਿਸ਼ਾਨੀ ਹੀ ਇਹੋ ਵੇ ਕਿ ਸਮੇਂ ਸਿਰ ਪੀਵੇ ਤੇ ਸਮੇਂ ਸਿਰ ਸੂਫੀ ਹੋ ਜਾਵੇ ਬਾਕੀ ਜਿਹੜੀ ਸਾਡੀ ਪਲਾਨ ਏ ਉਹਦਾ ਪਤਾ ਨਹੀਂ ਕਿਸੇ ਨੂੰ ਲੱਗਣਾ ਚਾਹੀਦਾ।

ਮਿਲਖੀ : ਨਾ ਜੀ, ਪਤਾ ਕਿਵੇਂ ਲੱਗ ਸਕਦੈ।

ਸਰਦਾਰ : ਆਪਣੀ ਜੀਤੋ ਨੂੰ ਵੀ ਨਾ ਦੱਸੀ—ਉਹ ਵੀ ਬੜੀ ਖੱਚਰੀ ਏ।

ਮਿਲਖੀ : ਜੀ ਤੁਹਾਨੂੰ ਕਿਸ ਤਰ੍ਹਾਂ ਪਤਾ ਏ।

ਸਰਦਾਰ : (ਸੰਭਲ ਕੇ) ਮੇਰਾ ਮਤਲਬ ਏ ਕਿ ਜਨਾਨੀਆਂ ਹੁੰਦੀਆਂ ਹੀ ਬੜੀਆਂ ਖੱਚਰੀਆਂ ਨੇ—ਇਹਨਾਂ ਦੇ ਢਿੱਡ ਵਿਚ ਕਦੀ ਗੱਲ ਨਹੀਂ ਪੱਚਦੀ।

ਮਿਲਖੀ : ਮੈਂ ਕਿਥੇ ਉਹਨੂੰ ਦੱਸਦਾ ਹਾਂ। ਰਾਤੀਂ ਪੁਛੇ ਕਿ ਸਾਰਾ ਦਿਨ ਕਿਧਰ ਰਿਹਾ ਏ—ਮੈਂ ਨਹੀਂ ਪਕੜਾਈ ਦਿਤੀ, ਸਵੇਰੇ ਪੁੱਛਣ ਲਗੀ ਤਾਂ ਵੀ ਮੈਂ ਟਾਲ ਦਿਤਾ।

ਸਰਦਾਰ : ਬਸ ਸੀਜ਼ਨ ਖਤਮ ਹੁੰਦਿਆਂ ਹੀ ਤੁਹਨੂੰ ਲੈ ਜਾਣਾ ਏ ਸ਼ਹਿਰ ਵਾਲੀ ਕੋਠੀ ਐਸ਼ ਕਰੇਗੇ ਬੱਚੂ। ਇਥੇ ਪਿੰਡ ਵਿਚ ਤਾਂ ਰਾਤ ਪੈਣ ਤੋਂ ਪਹਿਲਾਂ ਹੀ ਹਨੇਰਾ ਹੋ ਜਾਂਦਾ ਏ—ਉਥੇ ਰਾਤ ਪੈਣ ਤੇ ਵੀ ਹਨੇਰਾ ਨਹੀਂ ਹੁੰਦਾ। ਸਭ ਕੁਝ ਲਿਸ਼ਕ ਲਿਸ਼ਕ ਜਾਂਦਾ ਏ। ਅਸੀਂ ਤੇਰੀ ਜੀਤੋ ਨੂੰ ਵੀ ਲਿਸ਼ਕਾ ਦੇਵਾਂਗੇ। ਦੋ ਦਿਨ ਹੋਰ ਦਿਹਾੜੀਏ ਕੰਮ ਤੇ ਨਹੀਂ ਜਾਣੇ ਚਾਹੀਦੇ, ਪਰਸੋਂ ਤੋਂ ਕੰਬਾਈਨ ਦੀ ਬੁਕਿੰਗ ਸ਼ੁਰੂ ਕਰਾਂਗੇ। 250 ਰੁਪਏ ਕਿਲਾ ਲਵਾਂਗੇ। ਬੁਕਿੰਗ ਵੇਲੇ 150 ਪਹਿਲੇ ਐਡਵਾਂਸ ਰਖਵਾਂਵਾਂਗੇ। ਪਿਛਲੇ ਸਾਲ ਦੀਆਂ ਕਸਰਾਂ ਸਾਰੀਆਂ ਪੂਰੀਆਂ ਕਰਾਂਗੇ।

ਮਿਲਖੀ : ਜੱਟ ਤੇ ਜੀ ਉਜੜ ਜਾਣਗੇ। ਉਧਰ ਵਿਹੜੇ ਵਾਲੇ ਭੁੱਖੇ ਮਰਨਗੇ।

ਸਰਦਾਰ : ਉਜੜ ਜਾਣ ਸਾਨੂੰ ਕੀ ? ਵਿਹੜੇ ਵਾਲੇ ਭੁੱਖੇ ਮਰ ਜਾਣ ਤੈਨੂੰ ਕੀ ?

ਮਿਲਖੀ : ਹਾਂ ਜੀ ਮੈਨੂੰ ਕੀ ? ਮੈਂ ਤਾਂ ਸ਼ਹਿਰ ਵਾਲੀ ਕੋਠੀ ਚਲੇ ਹੀ ਜਾਣਾ ਏ।

ਸਰਦਾਰ : ਮਿਲਖੀ ਇਹ ਜ਼ਮਾਨਾ ਦਿਮਾਗ ਦਾ ਏ—ਪੈਸੇ ਨਾਲ ਪੈਸਾ ਖਿੱਚਣ ਦਾ ਏ। ਅਸੀਂ ਡੇਢ ਦੋ ਲੱਖ ਐਂਵੇ ਤੇ ਨਹੀਂ ਲਗਾ ਦਿਤਾ। ਟਰਾਂਸਪੋਰਟ ਨਾਲੋਂ ਇਸ ਕੰਮ ਵਿਚ ਬਹੁਤੀ ਕਮਾਈ ਏ—ਨਾ ਕਿਸੇ ਟੈਕਸ ਵਾਲੇ ਦਾ ਡਰ ਨਾ ਕਿਸੇ ਅਫਸਰ ਦਾ ਡਰ—

ਮਿਲਖੀ : ਅਫਸਰਾਂ ਦਾ ਕਾਹਦਾ ਡਰ ਏ, ਉਹ ਤੇ ਤੁਹਾਡੇ ਅਗੇ ਪਾਣੀ ਭਰਦੇ ਨੇ—

ਸਰਦਾਰ : ਓਏ ਐਵੇਂ ਪਾਣੀ ਨਹੀਂ ਭਰਦੇ। ਪੈਸਾ ਲਗਦੈ। ਪਿਛਲੇ ਡਿਸਟਰਿਕਟ ਟਰਾਸਪੋਰਟ ਅਫਸਰ ਦੀ ਮਾਰੂਤੀ ਕਾਰ ਮੈਂ ਹੀ ਉਹਨੂੰ ਲੈ ਕੇ ਦਿਤੀ ਏ—

ਮਿਲਖੀ : ਆਹੋ ਜੀ, ਇਕ ਮਾਰੂਤੀ ਉਹਨੂੰ ਦੇ ਕੇ ਚਾਰ ਮਾਰੂਤੀਆਂ ਤੁਸੀਂ ਆਪਣੀਆਂ ਬਣਾ ਲਈਆਂ।

ਸਰਦਾਰ : ਉਏ ਇਹਨੂੰ ਵਪਾਰ ਕਹਿੰਦੇ ਨੇ। ਅਗੇ ਵਪਾਰ ਕਰਦੇ ਸਨ ਸੇਠ ਸਾਨੂੰ ਤਾਂ ਅੱਕਲ ਹੀ ਹੁਣ ਆਈ ਏ।

ਮਿਲਖੀ : ਆਹੋ ਜੀ ਐਸੀ ਅੱਕਲ ਆਈ ਏ ਕਿ ਅਗਲੀਆਂ ਪਿਛਲੀਆਂ ਕਸਰਾਂ ਨਿਕਲ ਗਈਆਂ ਨੇ—

ਸਰਦਾਰ : ਅੱਛਾ ਹੁਣ ਤੂੰ ਸਰਪੰਚ ਕੋਲ ਪਹੁੰਚ, ਮੈਂ ਵੀ ਠਹਿਰ ਕੇ ਪੁੱਜਦਾ ਹਾਂ। ਮੇਰਾ ਦਵਾਈ ਦਾ ਵੇਲਾ ਹੋ ਗਿਆ ਏ—ਉਹ ਪੀ ਕੇ ਆਂਦਾ ਹਾਂ।

ਮਿਲਖੀ : ਛਿੱਟ ਕੁ ਮੇਰੇ ਲਈ ਵੀ ਬਚਾ ਦੇਣੀ।

ਸਰਦਾਰ : ਕੰਜਰਾ, ਬਸ ਇਕ ਦੋ ਦਿਨ ਠਹਿਰ ਜਾ, ਫੇਰ

ਤੈਨੂੰ ਰਜਾ ਦੇਵਾਂਗੇ ।

(ਮਿਲਖੀ ਇਕ ਪਾਸੇ ਜਾਂਦਾ ਹੈ)

ਬੰਦਾ ਇਕ ਨੰਬਰ ਦਾ ਏ । ਜਿਹੜਾ ਕੰਮ ਆਖੋ ਪੂਰਾ ਕਰਦਾ ਏ । ਬਸ ਚਿੜੀ ਦਾ ਦੁੱਧ ਇਹਦੇ ਕੋਲੋਂ ਕਦੀ ਮੰਗਵਾਉਣਾ ਏ । ਸ਼ਹਿਰ ਦੀ ਕੋਠੀ ਇਕ ਵਾਰੀ ਚਲ ਪਵੇ, ਫੇਰ ਵੇਖਣੇ ਆ ਕਿ ਜੀਤੋ ਵੀ ਕਿੰਨੇ ਪਾਣੀਆਂ ਵਿਚ ਏ—

(ਸ਼ੀਸ਼ੀ ਵਿਚੋਂ ਦਾਰੂ ਪੀਂਦਾ ਹੈ ਤੇ ਸਟੇਜ ਦੇ ਬਾਹਰ ਜਾਂਦਾ ਹੈ)

ਸੀਨ ਚਾਰ

(ਸਰਦਾਰ ਤੇ ਸਰਪੰਚ ਗੱਲਾਂ ਕਰਦੇ ਹਨ ਮਿਲਖੀ ਕੋਲ ਹੈ)

ਸਰਦਾਰ : ਦੇਖੋ ਸਰਪੰਚ ਜੀ, ਮੈਂ ਤਾਂ ਚਾਹੁੰਦਾ ਹਾਂ ਕਿ ਪਿੰਡ ਵਿਚ ਕਿਸੇ ਕਿਸਮ ਦੀ ਦੁਫੇੜ ਨਾ ਪਏ–ਇਹਦੇ ਵਿਚ ਹੀ ਸਾਰਿਆਂ ਦਾ ਫਾਇਦਾ ਏ—

ਸਰਪੰਚ : ਦੁਫੇੜ ਪੈਣੀ ਤਾਂ ਨਹੀਂ ਚਾਹੀਦੀ । ਪਰ ਲੱਗਦਾ ਹੈ ਕਿ ਕੋਈ ਸ਼ੈਤਾਨ ਦਿਮਾਗ ਦੋਨੋਂ ਪਾਸੇ ਪੁੱਠੀ ਖੇਡ ਖੇਡ ਰਿਹਾ ਏ ।

ਸਰਦਾਰ : ਉਸ ਸ਼ੈਤਾਨ ਦਿਮਾਗ ਦੀ ਸ਼ਨਾਖਤ ਹੋਣੀ ਚਾਹੀਦੀ ਹੈ ।

ਮਿਲਖੀ : ਉਹਦਾ ਜੀ ਮੂੰਹ ਕਾਲਾ ਕਰਕੇ ਉਹਨੂੰ ਖੋਤੀ ਤੇ ਚੜਾਕੇ ਸਾਰੇ ਪਿੰਡ ਵਿਚ ਉਹਦਾ ਜਲੂਸ ਕਢਣਾ ਚਾਹੀਦਾ ਏ ।

ਸਰਪੰਚ : ਕਰਾਂਗੇ ਤਾਂ ਅਸੀਂ ਇਹੋ–ਮੂੰਹ ਵੀ ਕਾਲਾ ਕਰਾਂਗੇ ਤੇ ਛਿੱਤਰ ਵੀ ਮਾਰਾਂਗੇ ।

ਸਰਦਾਰ : ਹੁਣ ਜੱਟ ਮੇਰੇ ਕੋਲ ਸਾਰੇ ਆਏ ਕਿ ਮੈਂ ਆਪਣੀ ਕੰਬਾਈਨ ਵਾਢੀ ਲਈ ਦੇਵਾਂ, ਪਰ ਮੈਂ ਸਾਫ ਨਾਂਹ ਕਰ ਦਿਤੀ ਕਿ ਜਿਨਾਂ ਚਿਰ ਵਿਹੜੇ ਵਾਲਿਆਂ ਨਾਲ ਫੈਸਲਾ ਨਹੀਂ ਹੁੰਦਾ, ਮੈਂ ਕੰਬਾਈਨ ਨਹੀਂ ਚਲਾਣੀ ।

ਮਿਲਖੀ : ਉਹ ਤਾਂ ਕਹਿਣ 200 ਦੀ ਥਾਂ 250 ਕਿਲੇ ਦਾ ਲੈ ਲਵੋ, ਪਰ ਸਰਦਾਰ ਹੋਰਾਂ ਨੇ ਇਕੋ ਨਾਂਹ ਫੜ ਲਈ ।

ਸਰਪੰਚ : ਆਹੋ ਸਰਦਾਰ ਹੋਰਾਂ ਨਾਲੋਂ ਪਿੰਡ ਦਾ ਭਲਾ ਚਾਹੁਣ ਵਾਲਾ ਹੋਰ ਕੌਣ ਹੋਵੇਗਾ ।

ਸਰਦਾਰ : ਹੁਣ ਵਿਹੜੇ ਵਾਲੇ ਵੀ ਮੇਰੇ ਕੋਲ ਆਏ, ਮੈਂ ਸਾਫ ਆਖਿਆ ਤੁਹਾਡੀ 45 ਰੁਪਏ ਦਿਹਾੜੀ ਦੀ ਮੰਗ ਠੀਕ ਨਹੀਂ, ਭਾਵੇਂ ਸਾਡੇ ਕੋਲੋਂ 45 ਬੇਸ਼ਕ ਲੈ ਲਵੋ ਪਰ ਛੋਟੇ ਕਿਸਾਨ ਕਿਸੇ ਤਰ੍ਹਾਂ ਇਹ ਦੇ ਸਕਣਗੇ ।

ਮਿਲਖੀ : ਸਰਦਾਰ ਹੋਰਾਂ ਨੇ ਆਖਿਆ ਕਿ ਉਹਨਾਂ ਕੋਲੋਂ 45 ਦੀ ਥਾਂ ਭਾਵੇਂ 50 ਲੈ ਲਵੋ, ਸੱਠ ਲੈ ਲਵੋ, ਵਡੇ ਬੰਦਿਆਂ ਨੂੰ ਕੀ ਫਰਕ ਪੈਂਦਾ ਏ, ਪਰ ਹੋਰ ਥੋੜੀ ਥੋੜਾ ਦੇ ਸਕਦਾ ਏ—ਸਰਦਾਰ ਹੋਰੀਂ ਤਾਂ ਚਾਹੁੰਦੇ ਨੇ ਕਿ ਸਾਰਿਆਂ ਦਾ ਭਲਾ ਹੋਵੇ ।

(ਜੀਤੋ ਆਉਂਦੀ ਹੈ)

ਜੀਤੋ : ਸਰਦਾਰ ਹੋਰੀਂ ਜਿਹੜਾ ਸਾਰਿਆਂ ਦਾ ਭਲਾ ਚਾਹੁੰਦਾ ਏ, ਉਹ ਕਿਸੇ ਕੋਲੋਂ ਭੁਲਿਆ ਨਹੀਂ ।

ਸਰਪੰਚ : ਜੀਤ ਕੋਰੇ, ਤੂੰ ? ਤੈਨੂੰ ਕਿਸ ਤਰ੍ਹਾਂ ਪਤੈ ?

ਮਿਲਖੀ : ਇਹਨੂੰ ਕੀ ਪਤਾ ਹੋਣੈ ? ਭਲਾ ਤੀਂਵੀਆਂ ਨੂੰ ਕਿਸੇ ਗੱਲ ਦਾ ਪਤਾ ਹੁੰਦੈ ?

ਜੀਤੋ : ਤੀਂਵੀਆਂ ਨੂੰ ਕੋਈ ਹੋਰ ਗੱਲ ਪਤਾ ਹੋਵੇ ਜਾਂ ਨਾ ਹੋਵੇ, ਪਰ ਬੰਦੇ ਆਪਣੇ ਦਾ ਜ਼ਰੂਰ ਪਤਾ ਹੁੰਦੈ । (ਸਰਪੰਚ ਨੂੰ ਸੰਬੋਧਨ ਹੋ ਕੇ) ਸਰਪੰਚ ਜੀ, ਇਹ ਬੰਦਾ ਭਾਵੇਂ ਮੇਰਾ ਹੀ ਏ ਪਰ ਮੈਨੂੰ ਆਖਣ ਵਿਚ ਕੋਈ ਸੰਕੋਚ ਨਹੀਂ, ਜਿਨ੍ਹਾਂ ਨੂੰ ਕਮੀਣਾ ਬੰਦੇ ਆਖੀਦਾ ਏ, ਇਹ ਉਹਨਾਂ ਵਿਚੋਂ ਇਕ ਏ ਤਾਂ ਜਿਹੜੀ ਕਮੀਣੀ ਗੱਲ ਕਰਦੈ, ਉਹ ਕਰਦੈ ਏਸ ਸਰਦਾਰ ਦੇ ਇਸ਼ਾਰੇ ਤੇ ।

ਸਰਦਾਰ : (ਝੇਪ ਕੇ) ਓਏ ਮਿਲਖੀ ਚੁਪ ਕਰਵਾ ਇਹਨੂੰ —ਮੇਰੀ ਜ਼ਨਾਨੀ ਇੰਝ ਕਰੇ ਤਾਂ ਥਾਂ ਸਿਰ ਚਿਤ ਕਰ ਦੇਵਾਂ ।

ਜੀਤੋ : ਆਵੇ ਖਾਂ ਇਹ ਅਗੇ, ਚਿਤ ਕਰਨ ਵਾਲੇ ਦੇ ਹੱਥ ਨਾ ਭੰਨ ਕੇ ਰੱਖ ਦੇਵਾਂ, ਤੇ ਜਿਹੜਾ ਉਹਨੂੰ ਕਹਿਣਾ ਏ, ਉਹਦੀ ਵੀ ਜ਼ਬਾਨ ਸੜ ਕੇ ਸੁਆਹ ਹੋ ਜਾਵੇ ।

ਮਿਲਖੀ : ਚੁਪ ਕਰ ਜਾ ਜੀਤੋ, ਚੁਪ ਕਰ ਜਾ, ਵਡਿਆਂ ਨਾਲ ਟੱਕਰ ਨਹੀਂ ਲਈਦੀ ।

ਜੀਤੋ : ਵਡੇ ਹੋਣਗੇ ਆਪਣੇ ਘਰ, ਅਸੀਂ ਕੰਮ ਕਰਦੇ ਹਾਂ ਇਜ਼ਤ ਦੀ ਖਾਂਦੇ ਹਾਂ ।

ਸਰਦਾਰ : ਵੇਖ ਵਡੀ ਇਜ਼ਤ ਦੀ ਖਾਣ ਵਾਲੀ, ਗੋਹਾ ਕੂੜਾ ਚੁਕਣ ਵਾਲੀਆਂ ਦੀ ਵੀ ਮਿਜਾਜ ਹੋ ਗਈ ਏ—

ਜੀਤੋ : ਗੋਹਾ ਕੂੜਾ ਚੁਕਦੀਆਂ ਆ ਤੇ ਮੇਹਨਤ ਦੀਆਂ ਖਾਂਦੀਆਂ ਆ, ਤੇਰੇ ਵਾਕੁਨ ਹਰਾਮ ਦਾ ਗੂੰ ਨਹੀਂ ਖਾਂਦੀਆਂ ।

ਸਰਦਾਰ : ਚੁਪ ਕਰ ਜਾ ਕੁਜਾਤੇ—ਮਿਲਖੀ ਬੰਦ ਕਰ ਓਏ ਇਹਦਾ ਮੂੰਹ ।

ਮਿਲਖੀ : ਮਿਲਖੀ ਹੁਣ ਕੀ ਕਰੇ, ਮਿਲਖੀ ਦੀ ਜ਼ਾਤ ਤਾਂ ਤੁਸੀਂ ਪਹਿਲੇ ਹੀ ਦਸ ਦਿਤੀ । ਹੁਣ ਮਿਲਖੀ ਤੇ ਤੁਹਾਡੀ ਕੀ ਸਾਂਝ ?

(ਸਰਦਾਰ ਖਿਸਕਣ ਲੱਗਦਾ ਹੈ ਤਾਂ ਲੱਖਾ ਰੋਕ

ਲੈਂਦਾ ਹੈ)

ਲੱਖਾ : ਤੇ ਸਰਦਾਰਾ ਤੂੰ ਕਿਧਰ ਨੱਸਦਾ ਏ ? ਤੇਰੀਆਂ ਸਾਰੀਆਂ ਪਲਾਨਾਂ ਸਾਨੂੰ ਪਤਾ ਲੱਗ ਗਈਆਂ ਨੇ ।

ਸਰਪੰਚ : ਪਲਾਨਾਂ ?

ਕੈਲਾ : (ਆਂਦਾ ਹੈ) ਹਾਂ ਸਰਪੰਚ ਜੀ, ਇਹਦੀਆਂ ਪਲਾਨ ਵਡੇ ਲੋਕਾਂ ਦੀਆਂ ਪਲਾਨਾਂ । ਭਰਾਵਾਂ ਨੂੰ ਲੜਾਓ ਤੇ ਆਪਸੀ ਫਾਇਦਾ ਕਢੋ ।

ਜੀਤੋ : ਹਾਂ ਸਰਪੰਚ ਜੀ, ਇਸ ਸਰਦਾਰ ਨੇ ਮੇਰੇ ਬੰਦੇ ਦੀ ਡਿਊਟੀ ਲਗਾਈ ਕਿ ਉਹ ਵਿਹੜੇ ਵਾਲਿਆਂ ਨੂੰ ਚੁਕੇ ਤੇ ਸਰਦਾਰ ਦੀ ਡਿਊਟੀ ਲਗਾਈ ਕਿ ਜੱਟਾਂ ਨੂੰ ਚੁਕੇ ਤਾਂ ਜੋ ਇਹਨਾਂ ਦਾ ਫੈਸਲਾ ਨਾ ਹੋਵੇ ਤੇ ਇਹ ਆਪਣੀ ਮਸ਼ੀਨ ਦਾ ਮੂੰਹ ਮੰਗਿਆ ਮੁਲ ਲਵੇ ।

ਸਰਦਾਰ : ਇਹ ਝੂਠ ਏ ।

ਮਿਲਖੀ : ਇਹ ਸੱਚ ਏ ।

ਸਰਦਾਰ : ਸੱਚ ਏ ਫੇਰ ਸੱਚ ਸਹੀ, ਕਰ ਲੋ ਜੋ ਮੇਰਾ ਕਰਨਾ ਏ ।

ਕੈਲਾ : ਤੇਰਾ ਜੋ ਕਰਨਾ ਏ, ਹੁਣ ਕਲੇ ਨਹੀਂ ਕਰਾਂਗੇ । ਸਾਰੇ ਮਿਲਕੇ ਕਰਾਂਗੇ ਇਕੱਠੇ—ਇਕੋ ਮਿੱਟੀ ਦੇ ਪੁੱਤ ਸਾਰੇ, ਸੱਚ ਅਸੀਂ ਇਹ ਜਾਣ ਲਿਆ ਹੈ । ਸਾਂਝਾ ਦੁਸ਼ਮਣ ਹੈ ਕੌਣ ਸਾਡਾ, ਉਸ ਨੂੰ ਅਸੀਂ ਪਹਿਚਾਣ ਲਿਆ ਹੈ ।

(ਬਾਂਹਵਾਂ ਚੁਕਦੇ ਨੇ, ਸਰਕਾਰ ਨੱਸਣ ਵਾਲੀ ਮੁਦਰ ਵਿਚ ਹੈ । ਜਦੋਂ ਫੇਡ ਆਊਟ ਹੁੰਦਾ ਹੈ) । (ਸਮਾਪਤ)

---

## ਪੰਜਾਬ ਮੱਸਲੇ ਦੇ ਹੱਲ ਕਰਨ ਲਈ ਸਰਕਾਰ ਦੀਆਂ ਗ਼ਲਤ ਨੀਤੀਆਂ

ਅਸੀਂ ਹੇਠ ਲਿਖੇ ਕਾਲਮਾਂ ਵਿਚ ਦੋ ਲਿਖਤਾਂ ਦੇ ਰਹੇ ਹਾਂ, ਜੋ ਅਸੀਂ ਪੰਜਾਬੀ ਟਰੀਬਿਊਨ ਤੋਂ ਧੰਨਵਾਦ ਸਹਿਤ ਲਈਆਂ ਹਨ । ਸਾਡੇ ਵਿਚਾਰ ਵਿਚ ਇਹ ਲਿਖਤਾਂ ਲੋਕ ਰਾਏ ਦੀ ਤਰਜਮਾਨੀ ਕਰਦੀਆਂ ਹਨ । ਪੰਜਾਬ ਦੇ ਲੋਕ ਦਹਿਸ਼ਤਗਰਦੀ ਦੇ ਮਾਹੌਲ ਤੋਂ ਬਹੁਤ ਤੰਗ ਹਨ ਪਰ ਸਮੇਂ ਦੀ ਸਰਕਾਰ ਜਿਹੜੀ ਕਿ ਹੁਣ ਕੇਂਦਰੀ ਸਰਕਾਰ ਤੋਂ ਸਿਵਾ ਹੋਰ ਕੋਈ ਨਹੀਂ, ਆਪਣੀਆਂ ਗਲਤ ਨੀਤੀਆਂ ਕਰਕੇ ਇਸ ਨੂੰ ਸੁਲਝਾਉਣ ਦੀ ਥਾਂ ਵੱਧ ਤੋਂ ਵੱਧ ਉਲਝਾ ਰਹੀ ਹੈ । ਆਪਣੀ ਪਹਿਲ ਕਦਮੀ ਤੇ ਉਹ ਕੋਈ ਵੀ ਕਦਮ ਐਸਾ ਨਹੀਂ ਚੁਕ ਰਹੀ ਜਿਹੜਾ ਇਸ ਮਸਲੇ ਨੂੰ ਸੁਲਝਾਉਣ ਵਿਚ ਮਦਦਗਾਰ ਹੋਵੇ । ਰੀਬੇਰੋ ਆਪਣੇ ਤਾਨਾਸ਼ਾਹੀ ਵਤੀਰੇ ਨਾਲ ਪੰਜਾਬੀ ਭਾਈਚਾਰੇ ਦਾ ਉਹ ਨੁਕਸਾਨ ਕਰ ਰਿਹਾ ਹੈ, ਜੋ ਪੰਜਾਬ ਦੇ ਸਮੂਹ ਲੋਕਾਂ ਨੂੰ ਪੁਸ਼ਤਾਂ ਭੋਗਣਾ ਪਵੇਗਾ । ਉਹ ਹੁਣ ਆਪਣੀ ਸਰਕਾਰ ਦੇ ਪ੍ਰਬੰਧਕੀ ਢਾਂਚੇ ਨਾਲ ਹੀ ਖਹਿਬੜਦਾ ਹੈ । ਮੋਹਾਲੀ ਵਿਚ ਅਮਰਜੀਤ ਸਿੰਘ ਦੇ ਪੁਲਸ ਹਥੋਂ ਮਾਰੇ ਜਾਣ ਤੇ ਜਦੋਂ ਲੋਕਾਂ ਰੋਸ ਕੀਤਾ ਅਤੇ ਡਿਪਟੀ ਕਮਿਸ਼ਨਰ ਰੋਪੜ ਨੇ ਏਹ ਏਲਾਨ ਕੀਤਾ ਕਿ ਅਮਰਜੀਤ ਸਿੰਘ ਅਤਿਵਾਦੀ ਨਹੀਂ ਸੀ, ਇਸ ਲਈ ਉਹਦੇ ਵਾਰਸਾਂ ਨੂੰ ਸਹਾਇਤਾ ਦਾਂ ਵੀ ਏਲਾਨ ਕੀਤਾ ਤਾਂ ਰੀਬੇਰੋ ਨੇ ਉਹਦੀ ਵਿਰੋਧਤਾ ਕੀਤੀ ਅਤੇ ਜ਼ਿਦ ਨਾਲ ਕਿਹਾ ਕਿ ਉਹਦੀ ਪੁਲਸ ਨੇ ਅਮਰਜੀਤ ਸਿੰਘ ਨੂੰ ਮਾਰ ਕੇ ਸਹੀ ਕਾਰਵਾਈ ਕੀਤੀ ਹੈ । ਰੀਬੇਰੋ ਆਪਣੀ ਹੈਂਕੜ ਵਿਚ ਹੁਣ ਇਨਸਾਫ ਦੀਆਂ ਕਚੈਹਰੀਆਂ ਦਾ ਵੀ ਕੋਈ ਫੈਸਲਾ ਮੰਨਣ ਲਈ ਤਿਆਰ ਨਹੀਂ । ਇਕ ਕਥਿਤ ਜਮਹੂਰੀ ਢਾਂਚੇ ਵਾਲੇ ਦੇਸ਼ ਵਿਚ ਇਹ ਹਾਲਤ ਸਾਰੇ ਜਮਹੂਰੀ ਲੋਕਾਂ ਲਈ ਇਕ ਚੈਲੰਜ ਹੈ । /ਸੰਪਾਦਕ

---

### 1. ਸਰਕਾਰ ਦਾ ਨਵਾਂ ਪੈਂਤੜਾ —ਅਮਨ ਤੇ ਵਿਕਾਸ ਕਮੇਟੀਆਂ

ਸਰਕਾਰ ਇਨ੍ਹੀਂ ਦਿਨੀਂ ਆਪਣੇ ਅਧਿਕਾਰੀਆਂ ਰਾਹੀਂ ਪਿੰਡਾਂ ਵਿਚ ਵਿਕਾਸ ਤੇ ਅਮਨ ਬਨਾਉਣ ਦੇ ਅਮਲ ਵਿਚ ਰੁਝੀ ਹੋਈ ਹੈ । ਸਰਕਾਰ ਪ੍ਰਤੀ ਲੋਕਾਂ ਦੀ ਬੇ-ਵਿਸ਼ਵਾਸ਼ੀ ਤੇ ਲੋਕਾਂ ਦੇ ਸਹਿਯੋਗ ਦੀ ਅਣਹੋਂਦ ਵਿਚੋਂ ਹੀ ਸ਼ਾਇਦ ਵਿਕਾਸ ਤੇ ਅਮਨ ਕਮੇਟੀਆਂ ਦਾ ਸੰਕਲਪ ਪੈਦਾ ਹੋਇਆ ਹੈ । ਸਰਕਾਰੀ ਅਧਿਕਾਰੀ ਲੋਕਾਂ ਨੂੰ ਕਈ ਕਿਸਮ ਦੇ ਸਬਜ਼ਬਾਗ ਦਿਖਾਈ ਜਾ ਰਹੇ ਹਨ । ਕਿਹਾ ਜਾਂਦਾ ਹੈ ਕਿ ਪਿੰਡਾਂ ਨੂੰ ਮਿਲਣ ਵਾਲੀਆਂ ਗਰਾਂਟਾਂ ਜਾਂ ਹੋਰ ਸਰਕਾਰੀ ਸਹੂਲਤਾਂ ਇਨ੍ਹਾਂ ਕਮੇਟੀਆਂ ਰਾਹੀਂ ਮਿਲਣਗੀਆਂ ਅਤੇ ਖਰਚ ਕੀਤੀਆਂ ਜਾਣਗੀਆਂ । ਪੁਲੀਸ 'ਚ ਭਰਤੀ ਸਮੇਂ ਇਹਨਾਂ ਕਮੇਟੀਆਂ ਦੀਆਂ ਸਿਫਾਰਸ਼ਾਂ ਨੂੰ ਪਹਿਲ ਦਿਤੀ ਜਾਵੇਗੀ । ਹਥਿਆਰਾਂ ਦੇ ਲਾਇਸੈਂਸ ਵੀ ਅਮਨ ਤੇ ਵਿਕਾਸ ਕਮੇਟੀ ਦੇ ਕਹਿਣ 'ਤੇ ਹੀ ਮਿਲਣਗੇ । ਦਹਿਸ਼ਤਗਰਦਾਂ ਦਾ ਮੁਕਾਬਲਾ ਕਰਨ ਵਾਲੇ ਪਿੰਡਾਂ ਜਾਂ ਵਿਅਕਤੀਆਂ ਨੂੰ ਵਿਸ਼ੇਸ਼ ਮਾਲੀ ਸਹਾਇਤਾ ਦਿਤੀ ਜਾਵੇਗੀ । ਪਿੰਡਾਂ ਨੂੰ ਬੱਸਾਂ ਦੇ ਰੂਟ ਦੇਣ ਤੇ ਬੱਸਾਂ ਚਲਾਉਣ ਸਮੇਂ ਤੇ ਹੋਰ ਸੁਧਾਰ ਕੰਮਾਂ ਵਿਚ ਵੀ ਇਨ੍ਹਾਂ ਕਮੇਟੀਆਂ ਨੂੰ ਹੀ ਅਗੇ ਰਖਿਆ ਜਾਵੇਗਾ । ਸਰਕਾਰ ਦੇ ਇਹਨਾਂ ਐਲਾਨਾਂ ਤੋਂ ਸਾਧਾਰਨ ਆਦਮੀ ਭੁਲੇਖਾ ਖਾ ਜਾਂਦਾ ਹੈ ਕਿ ਸਰਕਾਰ ਦਾ ਜਮਹੂਰੀਅਤ ਵਿਚ ਏਨਾ ਵਿਸ਼ਵਾਸ ਹੈ ਕਿ ਉਸਨੇ ਸਰਕਾਰੀ ਅਧਿਕਾਰੀਆਂ ਵਲੋਂ ਵਰਤੇ ਜਾਣ ਵਾਲੇ ਅਧਿਕਾਰ ਵੀ ਆਮ ਲੋਕਾਂ ਨੂੰ ਸੌਂਪ ਦਿਤੇ ਹਨ । ਇਉਂ ਕਰਕੇ ਅਧਿ-

ਕਾਰਾਂ ਦਾ ਵਿਕੇਂਦਰੀਕਰਨ ਕਰ ਦਿਤਾ ਹੈ।

ਪਰ ਗੱਲ ਇਉਂ ਨਹੀਂ ਹੈ। ਸਰਕਾਰ ਦਾ ਮੰਤਵ ਨਾ ਤਾਂ ਅਧਿਕਾਰਾਂ ਦਾ ਵਿਕੇਂਦਰੀਕਰਨ ਕਰਨਾ ਹੈ ਤੇ ਨਾਂ ਹੀ ਜਮਹੂਰੀਅਤ ਵਿਚ ਵਾਧੇ ਦਾ ਸੰਕਲਪ। ਜਿਹੜੀ ਸਰਕਾਰ ਸਾਲਾਂ ਬੱਧੀ ਪੰਚਾਇਤੀ ਸੰਮਤੀਆਂ, ਜ਼ਿਲਾ ਪ੍ਰੀਸ਼ਦਾਂ, ਮਾਰਕੀਟ ਕਮੇਟੀਆਂ ਆਦਿ ਦੀਆਂ ਚੋਣਾਂ ਤੋਂ ਇਨਕਾਰ ਕਰੀ ਬੈਠੀ ਹੈ, ਉਸ ਨੂੰ ਲੋਕਾਂ 'ਚ ਏਨਾ ਭਰੋਸਾ ਕਦੋਂ ਦਾ ਪੈਦਾ ਹੋ ਗਿਆ ?

ਸਰਕਾਰ ਨੂੰ ਲੋਕਾਂ ਵਿਚ ਨਾ ਪਹਿਲਾਂ ਵਿਸ਼ਵਾਸ਼ ਸੀ ਤੇ ਨਾ ਹੁਣ ਹੈ। ਸਰਕਾਰ ਤਾਂ ਆਪਣੀਆਂ ਸ਼ਤਰੰਜ ਚਾਲਾਂ ਵਿਚ ਲੋਕਾਂ ਨੂੰ ਸ਼ਰੀਕ ਬਨਾਉਣਾ ਚਾਹੁੰਦੀ ਹੈ। ਸਰਕਾਰ ਨੇ ਹੁਣ ਤਕ ਪੰਜਾਬ ਮਸਲੇ ਦੇ ਰਾਜਸੀ ਹੱਲ ਤੋਂ ਇਨਕਾਰ ਕਰ ਕੇ ਦੂਜੇ ਦੋ ਪਹਿਲੂਆਂ ਉਪਰ ਅਮਲ ਕੀਤਾ ਹੈ। ਇਕ ਪਹਿਲੂ ਜਿਸ ਵਿਚ ਪ੍ਰਚਾਰ ਰਾਹੀਂ ਦਹਿਸ਼ਤਗਰਦਾਂ ਦੇ ਖਿਲਾਫ਼ ਪ੍ਰਚਾਰ ਕੀਤਾ ਜਾਵੇ। ਇਸ ਮੰਤਵ ਲਈ ਸਾਂਝੀਆਂ ਰੈਲੀਆਂ, ਅਮਨ ਮਾਰਚ, ਦੂਰਦਰਸ਼ਨ ਤੇ ਰੇਡੀਓ ਰਾਹੀਂ ਫਿਰਕੂ ਸਦ-ਭਾਵਨਾ ਦਾ ਪ੍ਰਚਾਰ, ਪਿੰਡਾਂ-ਸ਼ਹਿਰਾਂ ਵਿਚ ਨਾਮ-ਨਿਹਾਦ ਅਮਨ ਕਮੇਟੀਆਂ। ਦੂਜਾ ਪਹਿਲੂ : ਸੁਰੱਖਿਆ ਬਲਾਂ ਨੂੰ ਵਧ ਅਧਿਕਾਰਾਂ ਰਾਹੀਂ ਹਕੂਮਤ ਦਾ ਡਰ ਬਿਠਾਉਣਾ। ਦਹਿਸ਼ਤਗਰਦਾਂ ਨੂੰ ਫੜਨ ਦੇ ਨਾਂ ਹੇਠਾਂ ਸਾਧਾਰਨ ਲੋਕਾਂ ਤੇ ਉਹਨਾਂ ਦੇ ਰਿਸ਼ਤੇਦਾਰਾਂ ਦੀ ਮਾਰ-ਕੁਟਾਈ ਅਤੇ ਗ੍ਰਿਫਤਾਰੀਆਂ ਜਾਂ ਵੱਧ ਤੋਂ ਵੱਧ ਪੁਲੀਸ ਮੁਕਾਬਲੇ ਬਨਾਉਣੇ।

ਪਰ ਲੱਗਦਾ ਹੈ ਕਿ ਸਰਕਾਰ ਆਪਣੇ ਮੰਤਵ ਵਿਚ ਸਫਲ ਨਹੀਂ ਹੈ। ਇਹ ਹਕੀਕਤ ਹੈ ਕਿ ਸਾਰੇ ਸਿਖ ਦਹਿਸ਼ਤਗਰਦਾਂ ਦੇ ਹਮਇਤੀ ਨਹੀਂ ਪਰ ਉਹ ਸਰਕਾਰ ਵਲੋਂ ਪੰਜਾਬ ਮਸਲੇ ਦੇ ਹੱਲ ਲਈ ਕੀਤੇ ਜਾ ਰਹੇ ਯਤਨਾਂ ਨਾਲ ਵੀ ਸਹਿਮਤ ਨਹੀਂ ਹਨ। ਦਹਿਸ਼ਤ-ਗਰਦਾਂ ਨੂੰ ਫੜਾਉਣ ਦਾ ਸਰੋਤ ਦਹਿਸ਼ਤਗਰਦਾਂ ਵਿਚੋਂ ਕਮਜ਼ੋਰ ਤੱਤ ਹੀ ਹਨ। ਲੋਕ ਸਰਕਾਰ ਨਾਲ ਸਹਿਯੋਗ ਕਰਨ ਲਈ ਬਿਲਕੁਲ ਤਿਆਰ ਨਹੀਂ ਹਨ।

ਸਰਕਾਰ ਦਾ ਨਵਾਂ ਪੈਂਤੜਾ, ਰਾਜਸੀ ਪੈਂਤੜਾ ਹੈ ਜਿਸ ਰਾਹੀਂ ਲੋਕਾਂ ਵਿਚ ਇਹ ਭਰਮ ਬਣਾਇਆ ਜਾਵੇ ਕਿ ਸਰਕਾਰ ਉਹਨਾਂ ਦੇ ਵਿਚਾਰਾਂ ਦੀ ਬੜੀ ਕਦਰ ਕਰਦੀ ਹੈ ਤੇ ਪਿੰਡਾਂ ਵਿਚ ਸਾਰੇ ਹੀ ਕੰਮ ਉਹਨਾਂ ਦੀ ਨਿਗਰਾਨੀ ਹੇਠ ਹੋਣਗੇ। ਪਰ ਸਰਕਾਰ ਤਾਂ ਇਹ ਚਾਹੁੰਦੀ ਹੈ ਕਿ ਮਸਲੇ ਦਾ ਰਾਜਸੀ ਹੱਲ ਲਟਕਾ ਦਿਤਾ ਜਾਂਵੇ ਅਤੇ ਆਪਣੀਆਂ ਜਾਬਰ ਨੀਤੀਆਂ ਦੀ ਪੁਸ਼ਟੀ ਲਈ ਲੋਕਾਂ ਦੀ ਸ਼ਮੂਲੀਅਤ ਕਰਵਾਈ ਜਾਵੇ। ਪ੍ਰਧਾਨ ਮੰਤਰੀ ਤਾਂ ਪਹਿਲਾਂ ਹੀ ਕਈ ਵਾਰ ਕਹਿ ਚੁਕਾ ਹੈ ਕਿ 'ਅਤਿ-ਵਾਦ ਦੇ ਖਾਤਮੇ ਤਕ ਕੋਈ ਗੱਲ ਬਾਤ ਨਹੀਂ' ਹੋ ਸਕਦੀ ਤੇ ਹੁਣ ਗ੍ਰਹਿ ਰਾਜ ਮੰਤਰੀ ਚਿਦੰਬਰਮ ਨੇ ਵੀ ਕਿਹਾ ਹੈ ਕਿ ਮਸਲੇ ਦੇ ਰਾਜਸੀ ਹੱਲ ਤੋਂ ਪਹਿਲਾਂ ਦਹਿਸ਼ਤਗਰਦਾਂ ਦਾ ਲੱਕ ਤੋੜ ਮੁਹਿੰਮ 'ਚ ਲੋਕਾਂ ਦੀ ਸ਼ਮੂਲੀਅਤ ਹੀ ਇਨ੍ਹਾਂ ਕਮੇਟੀਆਂ ਦਾ ਮੂਲ ਮਨੋਰਥ ਹੈ।

ਭਾਵੇਂ ਰਾਜੀਵ-ਲੌਂਗੋਵਾਲ ਸਮਝੌਤਾ ਖ਼ਤਮ ਹੋ ਚੁਕਾ ਹੈ ਤੇ ਇਸ ਉਪਰ ਕਿਸੇ ਅਮਲ ਦੀ ਕੋਈ ਆਸ ਨਜ਼ਰ ਨਹੀਂ ਆਉਂਦੀ ਪਰ ਬਰਨਾਲਾ-ਬਲਵੰਤ ਅਕਾਲੀ ਦਲ ਹਾਲਾਂ ਵੀ ਕੇਂਦਰ ਦੀ ਕਿਸੇ ਕ੍ਰਿਪਾ-ਦ੍ਰਿਸ਼ਟੀ ਦੀ ਆਸ ਲਾਈ ਬੈਠਾ ਹੈ। ਸੰਤ ਲੌਂਗੋਵਾਲ ਦੀ ਦੂਜੀ ਬਰਸੀ ਸਮੇਂ ਕਿਸੇ ਵਿਸ਼ੇਸ਼ ਐਲਾਨ ਲਈ ਬਲਵੰਤ ਸਿੰਘ ਕੇਂਦਰ ਨੂੰ ਰਜ਼ਾਮੰਦ ਕਰਨ ਦੀਆਂ ਕੋਸ਼ਿਸ਼ਾਂ 'ਚ ਲੱਗਾ ਰਿਹਾ। ਬਰਨਾਲਾ ਆਪਣੀ ਸਰਕਾਰ ਦੀ ਬਹਾਲੀ ਦੀ ਆਸ ਵਿਚ ਰਾਜੀਵ ਦੀ ਆਲੋਚਨਾ ਕਰਨ ਤੋਂ ਪ੍ਰਹੇਜ਼ ਕਰਦਾ ਹੈ ਤੇ ਸਮਝੌਤਾ ਲਾਗੂ ਕਰਨ ਦੀਆਂ ਅਪੀਲਾਂ ਵੀ। ਬਰਨਾਲਾ, ਰਾਜੀਵ ਦੀ ਈਮਾਨਦਾਰੀ ਨੂੰ ਸ਼ੱਕੀ ਨਜ਼ਰਾਂ ਨਾਲ ਨਹੀਂ ਦੇਖਦਾ। ਪਰ ਕੇਂਦਰ ਤਾਂ ਹਰਿਆਣੇ ਦੀਆਂ ਚੋਣਾਂ ਵਿਚ ਬੁਰੀ-ਬਿਸੰਤਰੀ ਗੇਲ ਹੋਣ ਪਿਛੋਂ ਰਾਜਸੀ ਹੱਲ ਲੱਭਣ ਦੇ ਰੌਂਅ 'ਚ ਨਹੀਂ ਸਗੋਂ ਪੁਲੀਸ ਨੂੰ ਇਕ ਤੋਂ ਬਾਅਦ ਦੂਜੇ ਵਿਸ਼ੇਸ਼ ਅਧਿ-ਕਾਰ ਦਿਤੇ ਜਾ ਰਹੇ ਹਨ।

ਪਹਿਲਾਂ ਹੀ ਲੋਕਾਂ ਦਾ ਵਿਸ਼ਵਾਸ਼ ਗੁਆ ਚੁਕੀ ਸਰਕਾਰ ਦਾ ਨਵਾਂ ਪੈਂਤੜਾ ਵੀ ਕੋਈ ਸਾਰਥਕ ਸਿਟਾ ਕੱਢਣ ਤੋਂ ਅਸਮਰਥ ਰਹੇਗਾ। ਸਰਕਾਰ ਨੂੰ ਅਜਿਹੀਆਂ ਲੂੰਬੜ ਚਾਲਾਂ ਚਲਣ ਦੀ ਥਾਂ ਮਸਲੇ ਦੇ ਸਿਆਸੀ ਹੱਲ ਲਈ ਲੋਕਾਂ ਦੇ ਸਹਿਯੋਗ ਦੀ ਜ਼ਰੂਰਤ ਹੈ। ਭਾਸ਼ਾਈ ਇਲਾਕਿਆਂ ਦੇ ਵਟਾਂਦਰੇ ਤੇ ਪੰਜਾਬੀ ਸਭਿਆਚਾਰ ਦੇ ਵਿਕਾਸ ਵਲ ਉਚੇਰਾ ਧਿਆਨ ਦੇਣ ਦੀ ਜ਼ਰੂਰਤ ਹੈ। ਜੋਧਪੁਰ ਦੇ ਸਿਆਸੀ ਨਜ਼ਰਬੰਦਾਂ ਦੀ ਰਿਹਾਈ ਤੇ ਧਾਰਮਿਕ ਜਜ਼ਬਾਤਾਂ ਅਧੀਨ ਬੈਰਕਾਂ ਛੱਡ ਗਏ ਫੌਜੀਆਂ ਦੀ ਬਹਾਲੀ ਦੇ ਉਪਰਾਲੇ ਕਰਨੇ ਚਾਹੀਦੇ ਹਨ। ਪਾਣੀ ਦੀ ਲੋੜ ਤੇ ਅਧਾਰਤ ਤਰਕਸ਼ੀਲ ਵੰਡ ਹੋਣੀ ਚਾਹੀਦੀ ਹੈ। ਅਜਿਹੀ ਸੇਧ ਉਪਰ ਅਮਲ ਕਰਨ ਨਾਲ ਹੀ ਦਹਿਸ਼ਤਗਰਦਾਂ ਨੂੰ ਲੋਕਾਂ 'ਚੋਂ ਨਿਖੇੜਿਆ ਜਾ ਸਕਦਾ ਹੈ ਤੇ ਸਮੁਚੇ ਪੰਜਾਬੀਆਂ ਨੂੰ ਦਹਿਸ਼ਤਗਰਦਾਂ ਦੇ ਖਿਲਾਫ ਇਕੱਠਾ ਕੀਤਾ ਜਾ ਸਕਦਾ ਹੈ।

/ਅਜਮੇਰ ਸਿੰਘ

o

## 2. ਜਾਂਚ ਅਧਿਕਾਰੀਆਂ ਨੇ ਵੀ ਕੁਝ ਮੁਕਾਬਲਿਆਂ ਦੀਆਂ ਕਹਾਣੀਆਂ ਝੁਠਲਾਈਆਂ

ਅੰਮ੍ਰਿਤਸਰ, 5 ਨਵੰਬਰ (ਰਮੇਸ਼ ਵਿਨਾਇਕ)— ਪੰਜਾਬ ਵਿਚ ਰਾਸ਼ਟਰਪਤੀ ਰਾਜ ਦੇ ਪਿਛਲੇ ਥੋੜ੍ਹੇ ਮਹੀਨਿਆਂ ਦੌਰਾਨ ਸੁਰੱਖਿਆ ਦਸਤਿਆਂ ਹਥੋਂ ਬੇਗੁਨਾਹ ਵਿਅਕਤੀਆਂ ਉਪਰ ਬਿਨਾਂ ਵਜ੍ਹਾ ਤਸ਼ੱਦਦ ਅਤੇ ਕਈਆਂ ਦੇ 'ਝੂਠੇ ਪੁਲੀਸ ਮੁਕਾਬਲਿਆਂ' ਵਿਚ ਮਾਰੇ ਜਾਣ ਦੀਆਂ ਕਈ ਕਹਾਣੀਆਂ ਸਾਹਮਣੇ ਆਈਆਂ ਹਨ।

ਉਦਾਹਰਣ ਵਜੋਂ ਅੰਮ੍ਰਿਤਸਰ ਜ਼ਿਲੇ ਵਿਚ ਅਜਿਹੇ ਦੋ ਕੇਸਾਂ—ਪਹਿਲਾ ਸਰਦੂਲ ਸਿੰਘ ਅਤੇ ਫਿਰ ਬਹਾਦਰ ਨਗਰ ਦੇ ਬਲਦੇਵ ਸਿੰਘ ਨਾਂ ਦੇ ਨੌਜਵਾਨਾਂ ਦੀਆਂ ਸੁਰੱਖਿਆ ਦਲਾਂ ਅਤੇ ਪੁਲੀਸ ਅਧਿਕਾਰੀਆਂ ਹਥੋਂ ਹਤਿਆਵਾਂ ਦੀਆਂ ਘਟਨਾਵਾਂ ਦੀ ਜਾਂਚ ਪੜਤਾਲ ਬਾਅਦ ਤਾਂ ਖੁਦ ਸਰਕਾਰੀ ਅਧਿਕਾਰੀ ਵੀ ਇਹ ਗੱਲ ਤਸਲੀਮ ਕਰ ਚੁਕੇ ਹਨ ਕਿ ਸਬੰਧਤ ਕੇਸਾਂ ਵਿਚ ਮਰਨ ਵਾਲੇ ਵਿਅਕਤੀ ਬਿਲਕੁਲ ਹੀ ਬੇਗੁਨਾਹ ਸਨ।

ਪਹਿਲੇ ਕੇਸ 'ਚ ਮੈਜਿਸਟਰੇਰੀ ਜਾਂਚ ਰਿਪੋਰਟ ਵਿਚ ਕਿਹਾ ਗਿਆ ਸੀ ਕਿ ਸੁਰੱਖਿਆ ਦਲਾਂ ਨੇ ਸਰਦੂਲ ਸਿੰਘ ਨੂੰ ਬਿਨਾਂ ਵਜ੍ਹਾ, ਨਿਹੱਥਾ ਮਾਰਿਆ ਸੀ ਜਦੋਂ ਕਿ ਦੂਸਰੇ ਕੇਸ ਵਿਚ ਬਾਅਦ ਵਿਚ ਖੁਦ ਰਾਜਪਾਲ ਸਿਧਾਰਥ ਸ਼ੰਕਰ ਰੇਅ ਨੂੰ ਮੁਆਫੀ ਮੰਗਣੀ ਪਈ ਸੀ ਅਤੇ ਇਸ ਕੇਸ ਵਿਚ ਤਾਂ ਸਰਕਾਰ ਨੂੰ ਖਹਿੜਾ ਛੁਡਾਉਣ ਲਈ ਮਰਨ ਵਾਲੇ ਦੇ ਪਰਿਵਾਰ ਨੂੰ ਕਾਫੀ ਵੱਡੀ ਰਕਮ ਮੁਆਵਜ਼ੇ ਵਜੋਂ ਵੀ ਦੇਣੀ ਪਈ ਹੈ।

ਇਹਨਾਂ ਘਟਨਾਵਾਂ ਦੀ ਯਾਦਸ਼ਤ ਅਜੇ ਲੋਕਾਂ ਦੇ ਮਨਾਂ ਵਿਚੋਂ ਮਿਟੀ ਨਹੀਂ ਕਿ ਮਜੀਠਾ ਥਾਣੇ ਦੇ ਪਿੰਡ ਮੂਧਲਾਂ ਤੋਂ ਅਜਿਹੀ ਹੀ ਇਕ ਹੋਰ ਕਹਾਣੀ ਸਾਹਮਣੇ ਆ ਗਈ ਹੈ।

ਮੂਧਲ ਕਸਬੇ ਦੀ ਪੰਚਾਇਤ ਅਤੇ ਲੋਕਾਂ ਨੇ ਇਕੱਠੇ ਹੋ ਕੇ ਦੋਸ਼ ਲਗਾਇਆ ਹੈ ਕਿ ਸੁਰੱਖਿਆ ਦਲਾਂ ਨੇ ਪਿਛਲੇਰੇ ਦਿਨ ਪਿੰਡ ਦੇ ਇਕ ਬੇਗੁਨਾਹ ਨੌਜਵਾਨ ਮਨਜੀਤ ਸਿੰਘ ਨੂੰ ਫੜ ਕੇ ਬਿਨਾਂ ਕਾਰਨ ਮਾਰ ਦਿਤਾ ਹੈ ਅਤੇ ਚਾਰ ਹੋਰਨਾਂ ਨੂੰ ਹਿਰਾਸਤ ਵਿਚ ਲਿਆ ਹੋਇਆ ਹੈ।

ਇਹ ਘਟਨਾ ਵਿਰੁਧ ਨਾ ਕੇਵਲ ਇਕੱਲੇ ਪਿੰਡ ਮੂਧਲਾਂ ਵਿਚ ਹੀ ਬਲਕਿ ਆਸ-ਪਾਸ ਦੇ ਸਾਰੇ ਪਿੰਡਾਂ ਵਿਚ ਹੀ ਸਖਤ ਰੋਸ ਪਾਇਆ ਜਾ ਰਿਹਾ ਹੈ।

ਪਿੰਡ ਦੇ ਲੋਕਾਂ ਨੇ ਕੇਂਦਰੀ ਗ੍ਰਹਿ ਮੰਤਰੀ ਬੂਟਾ ਸਿੰਘ, ਪੰਜਾਬ ਦੇ ਰਾਜਪਾਲ ਸਿਧਾਰਥ ਸ਼ੰਕਰ ਰੇਅ, ਡਿਪਟੀ ਕਮਿਸ਼ਨਰ ਅਤੇ ਹੋਰ ਅਹਿਮ ਅਧਿਕਾਰੀਆਂ ਨੂੰ ਮੈਮੋਰੰਡਮ ਭੇਜ ਕੇ ਇਹ ਘਟਨਾ ਤੇ ਗਹਿਰੇ ਖੇਦ ਅਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ ਅਤੇ ਸਾਰੇ ਮਾਮਲੇ ਦੀ ਤੁਰਤ ਪੜਤਾਲ ਕਰਕੇ ਦੋਸ਼ੀ ਸੀ. ਆਰ. ਪੀ. ਮੁਲਾਜ਼ਮਾਂ ਵਿਰੁਧ ਕਤਲ ਕੇਸ ਰਜਿਸਟਰ ਕਰ ਕੇ ਕਾਰਵਾਈ ਕੀਤੇ ਜਾਣ ਲਈ ਜ਼ੋਰ ਦਿਤਾ ਹੈ।

ਯਾਦ ਪੱਤਰ ਵਿਚ ਦਸਿਆ ਗਿਆ ਹੈ ਕਿ ਕਿਸ ਪ੍ਰਕਾਰ ਸੁਰੱਖਿਆ ਦਲਾਂ ਦੀ ਗਸ਼ਤੀ ਟੋਲੀ ਨੇ ਮਨਜੀਤ ਸਿੰਘ ਨੂੰ 3 ਨਵੰਬਰ ਦੀ ਰਾਤ ਨੂੰ ਘੂਰਦਿਆਂ ਅਤੇ ਹੋਰ ਲੋਕਾਂ ਦੇ ਸਾਹਮਣੇ ਉਸ ਦੇ ਘਰ ਵਿਚੋਂ ਹਿਰਾਸਤ ਵਿਚ ਲਿਆ ਸੀ—ਪਰੰਤੂ ਬਾਅਦ ਵਿਚ ਉਸ ਨੂੰ ਕਿਸੇ ਉਜਾੜ ਜਗ੍ਹਾ ਤੇ ਲਿਜਾ ਕੇ ਪੁਲੀਸ ਮੁਕਾਬਲੇ ਵਿਚ ਮਾਰਿਆ ਦਸ ਦਿਤਾ।

ਮੂਧਲ ਕਸਬੇ ਦੀ ਪੰਚਾਇਤ ਦੇ ਚਲੇ ਜਾਣ ਤੋਂ ਬਾਅਦ ਜਦੋਂ ਨੁਮਾਇੰਦੇ ਵਲੋਂ ਜ਼ਿਲਾ ਪੁਲੀਸ ਅਧਿਕਾਰੀਆਂ ਨੂੰ ਪੁਛਿਆ ਗਿਆ ਤਾਂ ਉਹਨਾਂ ਦਸਿਆ ਕਿ ਮਨਜੀਤ ਸਿੰਘ 'ਖਾਲਿਸਤਾਨ ਕਮਾਂਡੋ ਫੋਰਸ' ਦੇ ਕਾਰਜ ਸਿੰਘ ਦੀ ਅਗਵਾਈ ਹੇਠਲੇ ਜਥੇ ਦਾ ਮੈਂਬਰ ਸੀ ਅਤੇ ਉਨ੍ਹਾਂ ਨੇ ਉਸ ਨੂੰ 3 ਦੀ ਰਾਤ ਨੂੰ ਇਕ ਮੁਕਾਬਲੇ ਵਿਚ ਮਾਰਿਆ ਹੈ।

ਮੂਧਲ ਕਸਬੇ ਦੀ ਪੰਚਾਇਤ ਅਤੇ ਹੋਰ ਵਸਨੀਕਾਂ ਦਾ ਕਹਿਣਾ ਹੈ ਕਿ ਜਦੋਂ ਸੁਰੱਖਿਆ ਦਲਾਂ ਨੇ ਪਰਸੋਂ ਰਾਤੀਂ ਮਨਜੀਤ ਸਿੰਘ ਅਤੇ ਚਾਰ ਹੋਰਨਾਂ ਨੂੰ ਪਿੰਡ ਵਿਚ ਉਨ੍ਹਾਂ ਦੇ ਘਰਾਂ ਤੋਂ ਹਿਰਾਸਤ ਵਿਚ ਲਿਆ ਸੀ ਤਾਂ ਉਨ੍ਹਾਂ ਦੇ ਕਬਜ਼ੇ ਵਿਚੋਂ ਕੋਈ ਵੀ ਹਥਿਆਰ ਬਰਾਮਦ ਨਹੀਂ ਸੀ ਹੋਏ।

ਪਿੰਡ ਵਾਲਿਆਂ ਨੇ ਅੱਗੇ ਦੱਸਿਆ ਕਿ ਉਨ੍ਹਾਂ ਨੌਜਵਾਨਾਂ ਨੂੰ ਬਿਨਾਂ ਕੋਈ ਦੋਸ਼ ਫਰਦ ਕੀਤਿਆਂ ਹਿਰਾਸਤ ਵਿਚ ਲਿਆ ਗਿਆ ਸੀ।

ਇਨ੍ਹਾਂ ਲੋਕਾਂ ਨੇ ਇਹ ਵੀ ਦੋਸ਼ ਲਗਾਇਆ ਹੈ ਕਿ ਸੁਰੱਖਿਆ ਅਮਲੇ ਨੇ ਉਸ ਰਾਤ ਪਿੰਡ ਵਿਚ ਪੂਰੀ ਤਰ੍ਹਾਂ ਦਹਿਸ਼ਤ ਫੈਲਾਈ ਰੱਖੀ; ਇਨ੍ਹਾਂ ਲੋਕਾਂ ਨੇ ਸਣੇ ਜੁੱਤੀਆਂ ਕਸਬੇ ਦੇ ਗੁਰਦੁਆਰੇ ਦੀ ਤਲਾਸ਼ੀ ਲਈ ਅਤੇ ਗੁਰਦੁਆਰੇ ਦੇ ਭਾਈ ਨੂੰ ਕੁੱਟਣ ਮਾਰਨ ਤੋਂ ਬਾਅਦ ਉਸ ਨੂੰ ਵੀ ਨਾਲ ਹੀ ਲੈ ਗਏ।

ਚੰਡੀਗੜ੍ਹ, (ਪ. ਟ. ਬ.): ਇਸੇ ਹੀ ਤਰ੍ਹਾਂ ਪੁਲੀਸ ਵਲੋਂ ਮੁਹਾਲੀ ਵਿਖੇ ਇਕ ਸਿੱਖ ਨੌਜਵਾਨ ਅਮਰਜੀਤ ਸਿੰਘ ਨੂੰ ਬਿਨਾਂ ਕਾਰਨ ਦਿਨ ਦਿਹਾੜੇ ਮਾਰ ਮੁਕਾਉਣ ਦੀ ਕਹਾਣੀ ਕੱਲ੍ਹ ਉਸ ਸਮੇਂ ਵਾਪਰ ਗਈ ਜਦੋਂ ਉਹ ਗੁਰੂ ਨਾਨਕ ਦੇਵ ਦੇ ਜਨਮ ਉਤਸਵ ਦੇ ਸੰਬੰਧ ਵਿਚ ਜਲੂਸ ਵਿਚ ਜਾ ਰਿਹਾ ਸੀ।

ਇਕ ਪੁਲੀਸ ਏ. ਐਸ. ਆਈ. ਅਤੇ ਇਕ ਸਿਪਾਹੀ ਨੇ ਉਸ ਨੂੰ ਜਲੂਸ 'ਵਿਚੋਂ' ਬਾਹਰ ਬੁਲਾ ਕੇ ਥਾਣੇ ਚੱਲਣ ਲਈ ਆਖਿਆ ਅਤੇ ਉਸ ਦੇ ਨਾਂਹ-ਨੁੱਕਰ ਕਰਨ 'ਤੇ ਉਸ ਨੂੰ ਉਥੇ ਹੀ ਗੋਲੀ ਮਾਰ ਕੇ ਢੇਰੀ ਕਰ ਦਿਤਾ ਗਿਆ।

ਲੋਕਾਂ ਵਿਚ ਜ਼ਬਰਦਸਤ ਰੋਹ ਫੈਲ ਜਾਣ 'ਤੇ ਡਿਪਟੀ ਕਮਿਸ਼ਨਰ ਸ੍ਰੀ ਕੁੰਡਲ ਨੇ ਖੁਦ ਮੌਕੇ 'ਤੇ ਪਹੁੰਚ ਕੇ ਮੰਨਿਆ ਕਿ ਮਰਨ ਵਾਲਾ ਨੌਜਵਾਨ ਦਹਿਸ਼ਤਗਰਦ ਨਹੀਂ ਸੀ।

ਉਨ੍ਹਾਂ ਨੇ ਮਰਨ ਵਾਲੇ ਦੇ ਪਰਿਵਾਰ ਨੂੰ 10 ਹਜ਼ਾਰ ਰੁਪਏ ਫੌਰੀ ਸਹਾਇਤਾ ਵਜੋਂ ਦੇਣ ਦਾ ਐਲਾਨ ਵੀ ਕੀਤਾ।

ਮੂਧਲ ਪਿੰਡ ਦੇ ਸਰਪੰਚ ਨੇ ਦੱਸਿਆ ਕਿ ਸੁਰੱਖਿਆ ਦਲਾਂ ਨੇ ਨੌਜਵਾਨਾਂ ਨੂੰ ਹਿਰਾਸਤ ਵਿਚ ਲੈਣ ਸਮੇਂ ਪੰਚਾਇਤ ਨੂੰ ਦੱਸਣ ਦੀ ਵੀ ਜ਼ਰੂਰਤ ਨਹੀਂ ਸਮਝੀ। ਹਿਰਾਸਤ ਵਿਚ ਲਏ ਗਏ ਨੌਜਵਾਨਾਂ ਵਿਚ ਲੱਖਾ ਸਿੰਘ ਅਤੇ ਉਸ ਦਾ ਭਾਈ ਤੇਜਿੰਦਰ ਸਿੰਘ (ਪਿੰਡ ਮੂਧਲ), ਦੇਵਿੰਦਰ ਸਿੰਘ (ਪਿੰਡ ਢਾਬਾ ਵਾਲੀ) ਅਤੇ ਲਖਵਿੰਦਰ ਸਿੰਘ (ਪਿੰਡ ਨਿਜ਼ਾਮਪੁਰ) ਸ਼ਾਮਲ ਹਨ।

ਦੇਵਿੰਦਰ ਸਿੰਘ ਅਤੇ ਲਖਵਿੰਦਰ ਸਿੰਘ ਪੰਜਾਬ ਰਾਜ ਬਿਜਲੀ ਬੋਰਡ ਦੇ ਮੁਲਾਜ਼ਮ ਹਨ ਅਤੇ ਗ੍ਰਿਫਤਾਰੀ ਵਾਲੀ ਰਾਤ ਮੂਧਲੀਂ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਆਏ ਹੋਏ ਸਨ।

ਉਨ੍ਹਾਂ ਅੱਗੇ ਦੱਸਿਆ ਕਿ ਅਜੇ ਕੁਝ ਹੀ ਸਮਾਂ ਪਹਿਲਾਂ ਪੁਲੀਸ ਦੇ ਡਾਇਰੈਕਟਰ ਜਨਰਲ ਸ੍ਰੀ ਜੇ. ਐਫ. ਰਿਬੇਰੋ ਨੇ ਪਿੰਡ ਦੇ ਆਪਣੇ ਦੌਰੇ ਸਮੇਂ ਲੋਕਾਂ ਨੂੰ ਬਿਲਕੁਲ ਨਿਰਭਓ ਹੋ ਕੇ ਰਹਿਣ ਲਈ ਆਖਿਆ ਸੀ ਅਤੇ ਵਾਅਦਾ ਦਿਤਾ ਸੀ ਕਿ ਭਵਿੱਖ ਵਿਚ ਪੰਚਾਇਤ ਨੂੰ ਵਿਸ਼ਵਾਸ ਵਿਚ ਲਏ ਬਗੈਰ ਪਿੰਡ ਦੇ ਕਿਸੇ ਵੀ ਵਿਅਕਤੀ ਨੂੰ ਹਿਰਾਸਤ ਵਿਚ ਨਹੀਂ ਲਿਆ ਜਾਵੇਗਾ।

---

ਨਾਟਕ ਰੀਵੀਊ : ਰਾਜ ਸਾਹਬਾਂ ਦਾ

## ਮੈਨੂੰ ਹੋਰ ਨਾ ਸਤਾਓ, ਪੰਜਾਬ ਕੂਕਦਾ ਹੈ...

ਚੰਡੀਗੜ੍ਹ : ਮੈਨੂੰ ਹੋਰ ਨਾ ਸਤਾਓ ਪੰਜਾਬ ਕੂਕਦਾ ਹੈ, ਮੇਰਾ ਦਰਦ ਨਾ ਵਧਾਓ ਪੰਜਾਬ ਕੂਕਦਾ ਹੈ...' ਇਹ ਮਾਸਿਕ ਪੱਤਰ ਸਿਰਨਾਵਾਂ (ਅਗਸਤ) ਵਿਚ ਛਪਿਆ ਗੁਰਵਿੰਦਰ ਸੈਣੀ ਦਾ ਗੀਤ ਹੈ ਜਿਸ ਨੂੰ ਨਾਟਕਕਾਰ ਗੁਰਸ਼ਰਨ ਸਿੰਘ ਨੇ ਇਥੇ ਐਤਵਾਰ ਸ਼ਾਮੀਂ ਆਪਣੇ ਨਾਟਕ 'ਰਾਜ ਸਾਹਬਾਂ ਦਾ' ਦੇ ਮੰਚਨ ਸਮੇਂ ਨਾਟਕ ਦੇ ਮੁਖ ਬੰਧ ਵਜੋਂ ਪਰਮਜੀਤ ਸਿੰਘ ਦੀ ਆਵਾਜ਼ ਵਿਚ ਬੜੇ ਦਰਦੀਲੇ ਸੁਰ-ਸੰਗੀਤ ਵਿਚ ਗੰਵਾ ਲਿਆ। ਨਾਟਕ 19 ਸੈਕਟਰ ਸਥਿਤ ਕਰਿੱਡ ਦੇ ਓਪਨ ਏਅਰ ਥੀਏਟਰ ਵਿਚ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵਲੋਂ ਕੋਈ ਸੌ ਤੋਂ ਵਧ ਚੋਣਵੇਂ ਦਰਸ਼ਕਾਂ ਦੀ ਹਾਜ਼ਰੀ ਵਿਚ ਖੇਡਿਆ ਗਿਆ। ਜਿਨ੍ਹਾਂ ਵਿਚ ਚੋਟੀ ਦੇ ਲੇਖਕ ਮੁਲਖ ਰਾਜ ਆਨੰਦ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ. ਜੇ. ਐਸ. ਗਰੇਵਾਲ ਅਤੇ ਟ੍ਰਿਬਿਊਨ ਪ੍ਰਕਾਸ਼ਨ ਸਮੂਹ ਦੇ ਮੁੱਖ ਸੰਪਾਦਕ ਵੀ. ਐਨ. ਨਰਾਇਣਨ ਵੀ ਸ਼ਾਮਲ ਸਨ।

ਗੁਰਸ਼ਰਨ ਸਿੰਘ ਦੁਆਰਾ ਲਿਖਿਆ ਤੇ ਨਿਰਦੇਸ਼ਤ ਕੀਤਾ ਇਹ ਨਾਟਕ ਪੰਜਾਬ ਦੇ ਮੌਜੂਦਾ ਗਵਰਨਰੀ ਰਾਜ 'ਤੇ ਕਰਾਰੀ ਚੋਟ ਹੈ ਜੋ ਨਾਟਕਕਾਰ ਅਨੁਸਾਰ ਪਹਿਲੇ ਗਵਰਨਰੀ ਰਾਜਾਂ ਵਰਗਾ ਨਹੀਂ। ਇਹ ਅਸਲ ਵਿਚ ਪੁਲੀਸ ਦਾ ਰਾਜ ਹੈ। ਜਿਸ ਵਿਚ ਇਕ ਪੁਲੀਸ ਅਧਿਕਾਰੀ ਨੂੰ ਡਿਕਟੇਟਰਾਨਾ ਤਾਕਤ ਦਿਤੀ ਗਈ ਹੈ। ਅਤਿਵਾਦ ਖਤਮ ਕਰਨ ਦੇ ਪੱਜ ਲੋਕਾਂ ਦੇ ਸਾਰੇ ਜਮਹੂਰੀ ਹੱਕ ਖਤਮ ਕਰ ਦਿਤੇ ਗਏ ਹਨ। ਪੰਜਾਬ ਦੇ ਲੋਕ ਆਪਣੇ ਘਰਾਂ ਵਿਚ ਹੀ ਕੈਦੀਆਂ ਵਾਂਗ ਮਹਿਸੂਸ ਕਰ ਰਹੇ ਸਨ।

ਨਾਟਕ ਵਿਚ ਚੂਨੀ ਲਾਲ (ਸੁਖਬੀਰ) ਤੇ ਸੇਵਾ ਸਿੰਘ ਆਪਣੇ ਆਪਣੇ ਨਜ਼ਰੀਏ ਤੋਂ ਬੋਲਦਿਆਂ ਤਿੱਖੀ ਬਹਿਸ ਵਿਚ ਉਲਝ ਜਾਂਦੇ ਹਨ ਪਰ ਨਿਰਪੱਖ ਸੋਚ ਵਾਲਾ ਬਜ਼ੁਰਗ ਤਾਇਆ (ਕੇਵਲ ਧਾਰੀਵਾਲ) ਉਨ੍ਹਾਂ ਨੂੰ ਸ਼ਾਂਤ ਕਰਕੇ ਪਿਛਲੀਆਂ ਗੱਲਾਂ ਭੁਲ ਜਾਣ ਤੇ ਅੱਗਾ ਸੰਵਰਨ ਦੀ ਮੱਤ ਦਿੰਦਾ ਹੈ। ਜਿੰਦਰ (ਲਖਵਿੰਦਰ) ਵੀ ਸਹੀ ਸੋਚ ਵਾਲਾ ਨੌਜਵਾਨ ਹੈ ਜੋ ਚਾਹੁੰਦਾ ਹੈ ਕਿ ਦਲੀਲਾਂ ਦੇ ਜ਼ੋਰ ਅਤੇ ਪੁਰਾਣੀਆਂ ਯਾਦਾਂ ਦੇ ਨਿਹੋਰਿਆਂ ਨਾਲ ਉਹ ਅਤਿਵਾਦੀ ਤਾਰਾ ਸਿੰਘ (ਹਰਦੀਪ) ਦਾ ਰਾਹ ਬਦਲ ਸਕੇ ਤਾਂ ਜੋ ਚੂਨੀ ਲਾਲ ਵਰਗੇ ਉਸ ਦੀਆਂ ਧਮਕੀਆਂ ਤੋਂ ਮੁਕਤ ਹੋ ਸਕਣ, ਉਹ ਪੁਲੀਸ ਦੀ ਗੋਲੀ ਤੋਂ ਅਤੇ ਪਿੰਡ ਵਾਲੇ ਸੁਰੱਖਿਆ ਅਮਲੇ ਦੀ ਪ੍ਰੇਸ਼ਾਨੀ ਤੋਂ।

ਦਗੜ-ਦਗੜ ਕਰਦੀ, ਤਾਰੇ ਨੂੰ ਲੱਭਦੀ ਪੁਲੀਸ ਦੀ ਇਹ ਗੱਲ ਤਾਏ ਨੂੰ ਬਹੁਤ ਚੁਭਦੀ ਹੈ ਕਿ 'ਇਥੇ ਤਾਂ ਹਰ ਵਿਅਕਤੀ ਤਾਰਾ ਬਣ ਚੁੱਕਿਆ ਹੈ।' ਜਿਸ ਪਿਛੋਂ ਥਾਣੇਦਾਰ ਨਾਲ ਸਾਂਝੇ ਕੀਤੇ ਤਾਏ ਦੇ ਬੋਲ ਹੀ ਮੌਜੂਦਾ ਸੰਕਟ ਦਾ ਸਹੀ ਹੱਲ ਹਨ ਜੋ ਆਖਦਾ ਹੈ ਸਾਡੇ ਵਿਚ ਹੁਣ ਕੋਈ ਤਾਰਾ ਨਹੀਂ। ਅਸੀਂ ਸਾਰੇ ਇਕੱਠੇ ਹਾਂ ਤੇ ਸਾਡਾ ਇਹ ਵੀ ਫੈਸਲਾ ਹੈ ਕਿ ਆਪਣੀ ਧਰਤੀ 'ਤੇ

ਅਸੀਂ ਆਪ ਰਾਜ ਕਰਾਂਗੇ-। ਤੁਹਾਡੇ ਰਾਜ ਬਰਦਾਸ਼ਤ ਨਹੀਂ ਕਰਾਂਗੇ।' ਪਰ ਇਸ ਸਮਾਧਾਨ ਦਾ ਇਕ ਨੁਕਤਾ ਉਦੋਂ ਅੜਿਆ-ਅੜਿਆ ਲੱਗਦਾ ਹੈ ਜਦੋਂ ਮਾਰ-ਧਾੜ ਛੱਡ ਦੇਣ ਦਾ ਵਾਅਦਾ ਕਰਦਾ ਤਾਰਾ ਸਿੰਘ ਤਾਏ ਕੋਲੋਂ ਅਮਨ-ਚੈਨ ਨਾਲ ਰਹਿਣ ਦਿਤੇ ਜਾਣ ਦੀ ਗਰੰਟੀ ਮੰਗਦਾ ਹੈ ਪਰ ਤਾਇਆ ਸਿਰਫ ਏਨਾ ਕਹਿਣ ਲਈ ਮਜਬੂਰ ਹੈ 'ਅਸੀਂ ਗਰੰਟੀ ਦੇਣ ਵਾਲੇ ਕੌਣ ਹਾਂ ?'... ਗੱਲ ਫਿਰ ਇਕ ਆਵਾਜ਼ ਹੋ ਕੇ ਮੰਗ ਕਰਨ ਤੋਂ ਸ਼ੁਰੂ ਹੋਣ ਲੱਗਦੀ ਹੈ।

ਸਮੱਸਿਆ ਦਾ ਸਮਾਧਾਨ ਹੋਵੇ ਜਾਂ ਸਮਾਧਾਨ ਲਈ ਸੁਝਾਅ, ਇਕ ਗੱਲ ਸਪਸ਼ਟ ਹੈ ਕਿ ਗੁਰਸ਼ਰਨ ਸਿੰਘ ਦੇ ਨਾਟਕਾਂ ਅੰਦਰਲਾ ਇਨਕਲਾਬੀ ਨਜ਼ਰੀਆ ਕਦੇ ਵੀ ਧੁੰਦਲਾ ਨਹੀਂ ਦਿਸਿਆ। ਨਿਜ਼ਾਮ ਉਤੇ ਨੰਗੀ ਚਿੱਟੀ ਤੇ ਕਰਾਰੀ ਚੋਟ ਹਮੇਸ਼ਾ ਉਸ ਨੇ ਬੇਖੌਫ ਹੋ ਕੇ ਹੀ ਲਾਈ ਹੈ। ਦੂਜੀ ਗੱਲ, ਵਿਸ਼ੈ-ਵਸਤੂ ਨੂੰ ਘੜਨ ਲੱਗਿਆਂ ਵੀ ਉਸ ਨੇ ਕਦੇ ਨਾਟਕ ਦੀਆਂ ਜਮਹੂਰੀ ਅਤੇ ਧਰਮ-ਨਿਰਪੱਖ ਪਰੰਪਰਾਵਾਂ ਨੂੰ ਆਂਚ ਨਹੀਂ ਆਉਣ ਦਿਤੀ। 'ਰਾਜ ਸਾਹਬਾਂ ਦਾ' ਵੀ ਓਨਾ ਹੀ ਤਿੱਖਾ ਹੈ।

ਹਮੇਸ਼ਾ ਵਾਂਗ ਬੜੀ ਸਾਧਾਰਣ ਮੇਕ-ਅੱਪ ਵਿੱਚ ਇਸ ਨਾਟਕ ਦੇ ਪਾਤਰ (ਸਿਵਾਏ ਦੋਹਾਂ ਪੁਲੀਸ ਮੁਲਾਜ਼ਮਾਂ ਤੋਂ) ਅਸਲੀ ਕਿਰਦਾਰਾਂ ਦੇ ਬਹੁਤ ਨੇੜੇ ਰਹੇ ਭਾਵੇਂ ਉਹ ਬਜ਼ੁਰਗ ਤਾਇਆ ਸੀ ਤੇ ਭਾਵੇਂ (ਗਵਰਨਰ) ਸਾਹਬ; ਅਤਿਵਾਦੀ ਤਾਰਾ ਸਿੰਘ ਸੀ ਜਾਂ ਪੰਜਾਬ ਦਾ ਹਾਕਮ ਰਹਿ ਚੁੱਕਾ ਖੁੱਲੀ ਦਾੜ੍ਹੀ ਵਾਲਾ 'ਗਿਆਨੀ'... ਸੱਬ ਵਿਚ ਖਰੀਆਂ ਖਰੀਆਂ ਸੁਣਾਉਣ ਵਾਲੇ ਅਮਲੀ ਆਲਾ ਸਿੰਘ ਨੇ ਤਾਂ ਕਮਾਲ ਕਰ ਦਿਤੀ। ਨਾਟਕ ਵਿਚਲੀਆਂ ਟੂਕਾਂ ਨੂੰ ਹਾਰਮੋਨੀਅਮ ਦੀਆਂ ਮੱਧਮ ਪਰ ਸੁਰੀਲੀਆਂ ਸੁਰਾਂ ਉਤੇ ਪਰਮਜੀਤ ਨੇ ਆਪਣੀ ਪੁਰਜੋਸ਼ ਆਵਾਜ਼ ਰਾਹੀਂ ਗਾ ਕੇ ਸਟੇਜ ਨੂੰ ਕਿਸੇ ਵੇਲੇ ਵੀ ਖਾਲੀ ਖਾਲੀ ਨਹੀਂ ਜਾਪਣ ਦਿਤਾ। ਪ੍ਰੌਢ ਅਦਾਕਾਰੀ, ਵਿਸ਼ੇ ਦੀ ਤਾਜ਼ਗੀ ਤੇ ਅਮੀਰੀ ਅਤੇ ਕੁਝ ਕਹਿ ਸਕਣ ਦੀ ਜੁਰੱਅਤ ਰੱਖਣ ਵਾਲਾ ਇਹ ਨਾਟਕ ਪੰਜਾਬੀਆਂ ਦੇ ਸੰਘੋਂ ਕੌੜਾ ਸੱਚ ਹੇਠਾਂ ਕਰ ਸਕਣ ਦੇ ਸਮਰਥ ਹੈ।

ਪੰਜਾਬੀ ਟਰੀਬਿਊਨ ਤੋਂ ਧੰਨਵਾਦ ਸਹਿਤ

---

ਪਾਠਕ ਲੇਖਕ ਫੋਰਮ

# ਨਕਸਲਵਾੜੀ ਲਹਿਰ ਬਨਾਮ ਪੰਜਾਬ ਸਮੱਸਿਆ

ਰਾਜ ਸਿੰਘ

ਕਿਸੇ ਜੱਥੇਬੰਦੀ ਜਿਹੜੀ ਆਪਣੇ-ਆਪ ਨੂੰ ਕਮਿਊਨਿਸਟ ਇਨਕਲਾਬੀ ਅਖਵਾਉਂਦੀ ਹੋਵੇ ਉਸ ਦਾ ਪ੍ਰੋਗਰਾਮ ਤੇ ਅਮਲ ਦੇਸ ਦੀ ਮਿਹਨਤਕਸ਼ ਜਨਤਾ ਨੂੰ ਆਪਣੇ ਦੁਆਲੇ ਜਮਾਤੀ ਅਧਾਰ ਤੇ ਜਥੇਬੰਦ ਕਰਨ ਅਤੇ ਇਨਕਲਾਬ ਲਈ ਤਿਆਰੀ ਕਰਨਾ ਹੀ ਹੁੰਦਾ ਹੈ। ਇਸ ਕਾਰਜ ਲਈ ਤਿਆਰੀ ਦੌਰਾਨ ਰਸਤੇ ਵਿਚ ਬਹੁਤ ਸਾਰੇ ਫੌਰੀ ਕੰਮ ਜੋ ਕਿ ਮਿਹਨਤੀ ਜਨਤਾ ਦੀ ਜਮਾਤੀ ਏਕਤਾ ਨੂੰ ਮਜ਼ਬੂਤ ਕਰਨ ਤੇ ਲੁਟੇਰੀਆਂ ਹਾਕਮ ਜਮਾਤਾਂ ਦੇ ਖਿਲਾਫ ਸੰਘਰਸ਼ ਨੂੰ ਤੇਜ਼ ਕਰਨ ਲਈ ਜ਼ਰੂਰੀ ਹੁੰਦੇ ਹਨ, ਵੀ ਕਰਨੇ ਪੈਂਦੇ ਹਨ। ਇਸ ਤੋਂ ਬਿਨਾਂ ਇਨਕਲਾਬੀ ਲਹਿਰ ਦੀ ਉਸਾਰੀ ਕਰਨਾ ਜਾਂ ਕਰਨ ਦੀ ਗੱਲ ਕਰਨਾ ਸਿਰਫ ਲਫ਼ਾਜ਼ੀ ਹੀ ਹੋਵੇਗੀ। ਬੁਨਿਆਦੀ ਤੇ ਫੌਰੀ ਕਾਰਜ ਅੰਤਰੀਵੀ ਇਕ ਦੂਸਰੇ ਦੇ ਪੂਰਕ ਹਨ। ਅਸਲ ਵਿਚ ਫੌਰੀ ਕਾਰਜ ਬੁਨਿਆਦੀ ਦੀ ਪੂਰਤੀ ਲਈ ਰਾਹ ਪੱਧਰਾ ਕਰਦੇ ਹਨ। ਸਾਡੇ ਦੇਸ਼ ਦੀਆਂ ਹਾਲਤਾਂ ਮੁਤਾਬਿਕ ਬੁਨਿਆਦੀ ਕਾਰਨ ਦਲਾਲ ਸਰਮਾਏਦਾਰੀ ਤੇ ਜਗੀਰਦਾਰੀ ਦੀ ਡਿਕਟੇਟਰਸ਼ਿਪ ਨੂੰ ਖਤਮ ਕਰਕੇ ਮਜ਼ਦੂਰਾਂ ਕਿਸਾਨਾਂ ਦੀ ਜਮਹੂਰੀਅਤ ਸਥਾਪਿਤ ਕਰਨਾ ਹੈ। ਇਸ ਬੁਨਿਆਦੀ ਕਾਰਜ ਨੂੰ ਸਿਰਫ ਇਨਕਲਾਬੀ ਲੱਫਾਜ਼ੀ ਜਾਂ ਮਾਅਰਕੇ-ਬਾਜ਼ੀ ਕਰਕੇ ਪੂਰਾ ਕਰਨ ਦੇ ਦਮਗਜ਼ੇ ਮਾਰਨਾ ਨਿਰੀ ਖਾਸ-ਖਿਆਲੀ ਜਾਂ ਯੂਟੋਪੀਆਈ ਵਿਚਾਰ ਹੀ ਹੋ ਸਕਦੇ ਹਨ। ਭਾਰਤ ਦੇ ਕਮਿਊਨਿਸਟ ਇਨਕਲਾਬੀਆਂ ਨੂੰ ਇਹ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਕਿ ਭਾਰਤੀ ਇਨਕਲਾਬ ਕਈ ਤਰ੍ਹਾਂ ਦੇ ਮੋੜਾਂ-ਘੋੜਾਂ, ਵਿੰਗ-ਵਲੇਵਿਆਂ, ਟੋਇਆਂ-ਟਿੱਬਿਆਂ ਅਤੇ ਅਜਿਹੀਆਂ ਗੁੰਝਲ-ਦਾਰ ਹਾਲਤਾਂ ਜਿਹਨਾਂ ਦੀ ਅਜੇ ਨਿਸ਼ਾਨਦੇਹੀ ਕਰਨੀ ਮੁਸ਼ਕਿਲ ਹੈ, ਵਿਚੋਂ ਦੀ ਗੁਜ਼ਰਦਾ ਹੋਇਆ ਅਗੇ ਵਧੇਗਾ ਨਾ ਕਿ ਸੌਖੇ ਢੰਗ ਨਾਲ ਹੀ ਪੂਰਾ ਹੋ ਜਾਵੇਗਾ।

ਪੰਜਾਬ ਮਸਲਾ ਵੀ ਇਕ ਗੁੰਝਲਦਾਰ ਕੜੀ ਹੈ ਜਿਸ ਨੇ ਕਮਿਊਨਿਸਟ ਇਨਕਲਾਬੀਆਂ ਦੀ ਯੋਗਤਾ ਦੀ ਪਰਖ ਕੀਤੀ ਵੀ ਹੈ ਅਤੇ ਅਜੇ ਹੋਰ ਕਰੇਗਾਂ। ਨਕਸਲਵਾੜੀ ਦੀ ਮਹਾਨ ਲਹਿਰ ਨਾਲ ਸਬੰਧਤ ਇਨਕਲਾਬੀਆਂ ਦੀ ਮੁਖ ਧਾਰਾ ਨੇ ਪੰਜਾਬ ਮਸਲੇ ਪ੍ਰਤੀ ਦਰੁਸਤ ਪਹੁੰਚ ਅਪਣਾਈ ਤੇ ਕਿਹਾ ਕਿ ਕਾਂਗਰਸ ਸਰਕਾਰ ਮੁਖ ਦੋਸ਼ੀ ਹੈ ਅਤੇ ਅਕਾਲੀ ਦਲ ਨੂੰ ਵੀ ਬਰੀ ਨਹੀਂ ਕੀਤਾ ਜਾ ਸਕਦਾ। ਨਕਸਲਵਾੜੀ ਦੀ ਮੁਖ ਧਾਰਾ ਨੇ ਪੰਜਾਬ ਦੀਆਂ ਜਮਹੂਰੀ ਮੰਗਾਂ ਜਿਵੇਂ ਚੰਡੀਗੜ੍ਹ ਪੰਜਾਬ ਨੂੰ ਦਿੱਤਾ ਜਾਵੇ, ਪੰਜਾਬ ਦੇ ਪਾਣੀ ਬਿਜਲੀ ਉਪਰ ਪੰਜਾਬ ਦਾ ਅਧਿਕਾਰ ਹੋਵੇ, ਪੰਜਾਬ ਦੀ ਦੁਬਾਰਾ ਹੱਦਬੰਦੀ ਕੀਤੀ ਜਾਵੇ ਅਤੇ ਪੰਜਾਬ ਵਿਚ

ਵੀ ਵੱਡੀ ਸਨਅਤ ਲਾਈ ਜਾਵੇ ਆਦਿ ਨਾਂ ਦਾ ਸਿਰਫ ਜ਼ੋਰਦਾਰ ਸਮਰਥਨ ਹੀ ਕੀਤਾ ਸਗੋਂ ਰਾਜਾਂ ਨੂੰ ਵੱਧ ਅਧਿਕਾਰ ਦੇਣ ਦੀ ਵੀ ਮੰਗ ਕੀਤੀ। ਪ੍ਰੰਤੂ ਕੁਝ ਆਪਣੇ ਆਪ ਨੂੰ ਨਕਸਲੀ ਕਹਾਉਣ ਵਾਲੇ ਵਿਅਕਤੀ ਜਿਨ੍ਹਾਂ ਨੇ ਆਪਣੇ-ਆਪ ਨੂੰ ਛੋਟੇ-ਛੋਟੇ ਗਰੁੱਪਾਂ ਤਕ ਹੀ ਸੀਮਤ ਰੱਖਿਆ ਹੋਇਆ ਹੈ, ਉਹ ਪੰਜਾਬ ਮਸਲੇ ਪ੍ਰਤੀ ਅਜੀਬੋ-ਗਰੀਬ ਕਿਸਮ ਦੀਆਂ ਬੋਲੀਆਂ ਬੋਲ ਰਹੇ ਹਨ। ਇਨ੍ਹਾਂ ਵਿਚੋਂ ਕੁਝ ਤਾਂ ਖਾਲਿਸਤਾਨ ਦੀ ਜੈ-ਜੈ ਕਾਰ ਕਰਨ ਤਕ ਅੱਪੜ ਗਏ ਹਨ। ਅਤੇ ਦੂਜੇ ਪੰਜਾਬ ਮਸਲੇ ਲਈ ਅਮਰੀਕਾ ਪਾਕਿਸਤਾਨ ਅਤੇ ਸੀ. ਆਈ. ਏ. ਦੇ ਭਾਰਤ ਵਿਚ ਏਜੰਟਾਂ ਨੂੰ ਮੁਖ ਦੋਸ਼ੀ ਮੰਨਦੇ ਹਨ। ਇਹ ਦੋਵੇਂ ਕੁਰਾਹੇ ਅਸਲੀਅਤ ਦੇ ਇਕ ਪਹਿਲੂ ਨੂੰ ਹੀ ਦੇਖਣ ਤੱਕ ਸੀਮਤ ਹਨ ਅਤੇ ਸਮੁੱਚੀ ਵਸਤੂ ਨੂੰ ਦੇਖਣ ਤੋਂ ਅਸਮਰਥ ਹਨ। ਪਾਕਿਸਤਾਨ ਅਮਰੀਕਾ ਨੂੰ ਮੁਖ ਦੋਸ਼ੀ ਮੰਨਣ ਵਾਲੀ ਸਮਝ ਪੰਜਾਬ ਵਿਚ ਸੀ, ਟੀ, ਸੀ. ਪੀ. ਆਈ. (ਐਮ. ਐਲ.) ਦੀ ਹੈ।

ਪੰਜਾਬ ਮਸਲੇ ਬਾਰੇ ਵੀ 'ਸੁਰਖ ਰੇਖਾ' ਨੇ ਕਾਫੀ ਲਿਖਿਆ ਹੈ। ਵੰਨਗੀ ਲਈ ਇਸ ਪਰਚੇ ਦੀ ਸਮਝ ਪਾਠਕਾਂ ਸਾਹਮਣੇ ਰੱਖਣਾ ਜ਼ਰੂਰੀ ਸਮਝਦੇ ਹਾਂ ਜੋ ਕਿ 16 ਜਨਵਰੀ 1987 ਦੇ ਸੰਪਾਦਕੀ 'ਚ ਲਿਖਿਆ ਹੈ ਕਿ 'ਪੰਜਾਬ ਦੇ ਪਾਣੀਆਂ ਵਿਚ ਫਿਰਕੂ ਜ਼ਹਿਰ ਘੋਲਣ ਦਾ ਕਾਰਾ ਅਮਰੀਕੀ ਸਾਮਰਾਜ ਅਤੇ ਉਸਦੇ ਪਾਲਤੂ ਪਾਕਿਸਤਾਨ ਦੀ ਸ਼ਹਿ ਤੇ ਭਾਰਤੀ ਹਾਕਮ ਜਮਾਤ ਦਾ ਅਮਰੀਕਾ ਪੱਖੀ ਗੁਟ ਕਰ ਰਿਹਾ ਹੈ।' ਇਸ ਸਮਝ ਅਨੁਸਾਰ ਪੰਜਾਬ ਸਮੱਸਿਆਂ ਕੋਈ ਅੰਦਰੂਨੀ ਸਮੱਸਿਆ ਨਹੀਂ ਇਹ ਸਿਰਫ ਬਦੇਸ਼ੀ ਦਖਲ ਅੰਦਾਜੀ ਹੈ। ਜੇ ਤੁਸੀਂ ਬਦੇਸ਼ੀ ਦਖਲ ਅੰਦਾਜੀ ਮੰਨਦੇ ਹੋ ਤਾਂ ਫਿਰ ਪੰਜਾਬ ਨੂੰ ਫੌਜ ਦੇ ਹਵਾਲੇ ਕਰਨ ਅਤੇ ਸਰਹੱਦ ਦੇ ਨਾਲ-ਨਾਲ ਸੁਰੱਖਿਆ ਪੱਟੀ ਬਨਾਉਣ ਦਾ ਵਿਰੋਧ ਕਿਉਂ ਕਰਦੇ ਹੋ? ਬਦੇਸ਼ੀ ਦਖਲ ਅੰਦਾਜ਼ੀ ਦਾ ਸਿਰਫ ਫੌਜੀ ਹਲ ਹੀ ਹੋ ਸਕਦਾ ਹੈ। ਭਾਰਤੀ ਹਾਕਮਾਂ ਦੀ ਇਸ ਸਮੇਂ ਇਹ ਲੋੜ ਹੈ ਕਿ ਪਾਕਿਸਤਾਨ ਦੇ ਖਿਲਾਫ ਕੌਮੀ ਅੰਧ ਵਿਸ਼ਵਾਸ਼ੀ ਤੇ ਜੰਗੀ ਜਨੂੰਨ ਨੂੰ ਉਭਾਰਿਆ ਜਾਵੇ ਤਾਂ ਜੋ ਅੰਦਰੂਨੀ ਸਮੱਸਿਆਵਾਂ ਤੋਂ ਲੋਕਾਂ ਦਾ ਧਿਆਨ ਲਾਂਭੇ ਕਰ ਸਕਣ ਅਤੇ ਆਪਣੀਆਂ ਕਮਜੋਰੀਆਂ ਉਪਰ ਪਰਦਾ ਪਾ ਸਕਣ। 'ਸੁਰਖ ਰੇਖਾ' ਦੇ ਆਗੂ ਪੰਜਾਬ ਮਸਲੇ ਵਿਚ ਪਾਕਿਸਤਾਨ ਨੂੰ ਦੋਸ਼ੀ ਗਰਦਾਨਕੇ ਤੇ ਕੌਮੀ ਅੰਧਵਿਸ਼ਵਾਸ਼ੀ ਨੂੰ ਹਵਾ ਦੇ ਕੇ ਭਾਰਤੀ ਹਾਕਮਾਂ ਦੀਆਂ ਇਛਾਵਾਂ ਦੀ ਪੂਰਤੀ ਪੂਰੀ ਲਗਨ ਨਾਲ ਕਰ ਰਹੇ ਹਨ। ਹੁਣ ਇਹ ਗੱਲ ਪੂਰੀ ਤਰ੍ਹਾਂ ਸਪਸ਼ਟ ਹੋ ਚੁੱਕੀ ਹੈ ਕਿ ਇੰਦਰਾ ਗਾਂਧੀ ਨੇ ਖੁਦ ਸੰਤ ਭਿੰਡਰਾਂਵਾਲੇ ਨੂੰ ਚਮਕਾਇਆ ਅਤੇ ਦੂਸਰੇ ਪਾਸੇ ਪੰਜਾਬ ਦੀਆਂ ਜਮਹੂਰੀ ਮੰਗਾਂ ਉਪਰ ਅੜੀਅਲ ਰਵੱਈਆ ਅਪਣਾਕੇ ਪੰਜਾਬ ਮਸਲੇ ਨੂੰ ਲਗਾਤਾਰ ਲਮਕਾਇਆ ਤਾਂ ਕਿ ਅਤਵਾਦ ਲਈ ਉਪਜਾਊ ਵਾਤਾਵਰਨ ਬਣ ਸਕੇ। ਉਸ ਤੋਂ ਬਾਅਦ ਰਾਜੀਵ ਗਾਂਧੀ ਨੇ ਪੰਜਾਬ ਸਮਝੌਤਾ ਲਾਗੂ ਨਾ ਕਰਕੇ ਕਮਜ਼ੋਰ ਹੋ ਰਹੇ ਅਤਵਾਦ ਲਈ ਉਪਜਾਊ ਜ਼ਮੀਨ ਤਿਆਰ ਕੀਤੀ। ਇਸ ਤਰ੍ਹਾਂ ਇਹ ਪੂਰੀ ਤਰ੍ਹਾਂ ਸਪਸ਼ਟ ਹੋ ਜਾਂਦਾ ਹੈ ਕਿ ਪਹਿਲਾਂ ਇੰਦਰਾ ਗਾਂਧੀ ਤੇ ਬਾਅਦ ਵਿਚ ਰਜੀਵ ਗਾਂਧੀ ਨੇ 'ਪੰਜਾਬ ਦੇ ਪਾਣੀਆਂ ਵਿਚ ਫਿਰਕੂ ਜ਼ਹਿਰ' ਘੋਲਣ ਦਾ ਕਾਰਾ ਕੀਤਾ। ਅਸੀਂ 'ਸੂਝਵਾਨ' 'ਸੁਰਖ ਰੇਖਾ' ਦੇ ਲੇਖਕਾਂ ਤੋਂ ਇਹ ਪੁਛਦੇ ਹਾਂ ਕਿ ਕੀ ਇੰਦਰਾ ਗਾਂਧੀ ਤੇ ਰਜੀਵ ਗਾਂਧੀ ਭਾਰਤੀ ਹਾਕਮ ਜਮਾਤ ਦੇ ਅਮਰੀਕਾ ਪੱਖੀ ਗੁਟ ਵਿਚ ਆਉਂਦੇ ਹਨ? ਕੀ ਪੰਜਾਬ ਮਸਲੇ ਬਾਰੇ 'ਸੁਰਖ ਰੇਖਾ' ਦੀ ਗ਼ਲਤ ਸਮਝ ਦਾ ਸਬੂਤ ਨਹੀਂ ਹੈ? 'ਸੁਰਖ ਰੇਖਾ' ਦੇ ਸਿਧਾਂਤਕਾਰ ਇਸ ਗੱਲ ਨੂੰ ਵੀ ਸਮਝਣ ਵਿਚ ਅਸਫਲ ਰਹੇ ਕੀ ਕਾਂਗਰਸ ਸਰਕਾਰ ਦੀਆਂ ਇਲੈਕਸ਼ਨ ਗਿਣ-ਤੀਆਂ-ਮਿਣਤੀਆਂ ਹੀ ਪੰਜਾਬ ਦੀ ਮੌਜੂਦਾ ਹਾਲਤ ਲਈ ਮੁਖ ਜੁਮੇਵਾਰ ਹਨ।

'ਸੁਰਖ ਰੇਖਾ' ਦੇ ਆਗੂਆਂ ਨੇ ਪਿਛਲੇ ਦਿਨਾਂ ਵਿਚ ਜਨਤਕ ਜਥੇਬੰਦੀਆਂ ਇਕੱਠੀਆਂ ਕਰਕੇ ਇਨ੍ਹਾਂ ਨੂੰ ਜਬਰ ਤੇ ਫਿਰਕਾਪ੍ਰਸਤੀ ਵਿਰੋਧੀ ਫਰੰਟ' ਦਾ ਨਾਂ ਦੇ ਦਿੱਤਾ ਅਤੇ ਇਸ ਫਰੰਟ ਦੇ ਕਨਵੀਨਰ ਨੇ ਪੰਜਾਬ ਦੇ ਲੋਕਾਂ ਨੂੰ ਫਰੰਟ ਦੁਆਲੇ ਇਕਮੁੱਠ ਹੋਣ ਦੀ ਅਪੀਲ ਇਕ ਦੁਵਰਕੀ ਰਾਹੀਂ ਜਾਰੀ ਕੀਤੀ। ਉਸ ਦੁਵਰਕੀ ਵਿਚ 'ਫਰੰਟ ਦੀ ਸਮਝ ਦਾ ਅਧਾਰ' ਪੇਸ਼ ਕਰਦੇ ਹੋਏ ਲਿਖਿਆ ਗਿਆ ਹੈ ਕਿ "ਇਹ (ਅਕਾਲੀ ਨੇਤਾ) ਰਾਜ ਭਾਗ ਵਿਚੋਂ ਹਿੱਸਾ ਪੱਤੀ ਹਾਸਲ ਕਰਨ ਲਈ ਆਪਣੇ ਸ਼ਰੀਕਾ ਭੇੜ ਵਿਚ ਹੱਥ ਉਪਰ ਲਈ ਮੋਰਚਿਆਂ ਦਾ ਸ਼ੋਰ ਸ਼ਰਾਬਾ ਪਾ ਕੇ ਲੋਕਾਂ ਨੂੰ ਗੁਮਰਾਹ ਕਰਨ, ਆਪਣੇ ਆਰਥਿਕ ਸਿਆਸੀ ਹਿੱਤਾਂ ਲਈ ਵਰਤਣ ਦਾ ਕੰਮ ਕਰਦੇ ਰਹਿੰਦੇ ਹਨ। ਏਸੇ ਤਰ੍ਹਾਂ ਬੀਤੇ ਵਰ੍ਹਿਆਂ ਅੰਦਰ ਇਨ੍ਹਾਂ ਰਾਜ ਭਾਗ ਚੋਂ ਹਿੱਸਾ ਹਾਸਲ ਕਰਨ ਲਈ, ਚੰਡੀਗੜ੍ਹ, ਇਲਾਕਾਈ ਤੇ ਪਾਣੀਆਂ ਦੀ ਵੰਡ ਆਦਿ ਦੇ ਮਸਲਿਆਂ ਨੂੰ ਉਭਾਰਿਆ, ਇਸ ਤਰ੍ਹਾਂ ਇਨ੍ਹਾਂ ਪੰਜਾਬ ਦੇ ਲੋਕਾਂ ਦਾ ਧਿਆਨ ਹੱਕੀ ਮੰਗਾਂ ਮਸਲਿਆਂ ਤੋਂ ਸਿਰਫ ਤਿਲਕਾਉਣ ਦੀ ਹੀ ਕੋਸ਼ਿਸ਼ ਨਹੀਂ ਕੀਤੀ ਸਗੋਂ...।"

ਇਹ ਗੱਲ ਠੀਕ ਹੈ ਕਿ ਅਕਾਲੀ ਦਲ ਨੇ ਪੰਜਾਬ ਦੀਆਂ ਜਮਹੂਰੀ ਮੰਗਾਂ ਨੂੰ ਸਿਰਫ ਪੰਥ ਦੀਆਂ ਮੰਗਾਂ ਬਣਾ ਕੇ ਪੇਸ਼ ਕਰਨ ਦੀ ਕੁਤਾਹੀ ਕੀਤੀ ਅਤੇ ਇਹ

Rgcd. with the Register News Papers Vide No. MA/12397-D Dated 18.4 80
Post Office No. 'P/AR—133

ਕੁਤਾਹੀ ਉਸਨੇ ਇਸ ਲਈ ਕੀਤੀ, ਕਿਉਂ ਕਿ ਅਕਾਲੀ ਦਲ ਵੀ ਹਾਕਮ ਜਮਾਤ ਪਾਰਟੀ ਹੀ ਹੈ, ਜੋ ਲੋਕਾਂ ਦੀ ਜਮਾਤੀ ਚੇਤਨਤਾ ਨੂੰ ਸਤਾ ਪ੍ਰਾਪਤੀ ਲਈ ਵਰਤਦੀ ਹੈ। ਇਸੇ ਲਈ ਉਸਨੇ ਆਪਣੇ ਆਪ ਨੂੰ ਧਾਰਮਿਕ ਤੇ ਰਾਜਨੀਤਕ ਪੱਖੋਂ ਮਜ਼ਬੂਤ ਕਰਨ ਲਈ ਪੰਜਾਬ ਦੀਆਂ ਹੱਕੀ ਮੰਗਾਂ ਨੂੰ ਵਰਤਿਆ, ਪਰ ਇਨਕਲਾਬੀ ਲਹਿਰ ਸਿਰਫ ਅਕਾਲੀ ਦਲ ਨੂੰ ਬੁਰਾ-ਭਲਾ ਆਖ ਕੇ ਆਪ ਸੱਚੀ ਨਹੀਂ ਹੋ ਸਕਦੀ। ਕਿਉਂਕਿ ਜੇ ਅਕਾਲੀ ਦਲ ਪੰਜਾਬ ਦੇ ਮਸਲਿਆਂ ਨੂੰ ਆਪਣੇ ਹਿੱਤ ਵਿਚ ਵਰਤ ਸਕਦਾ ਹੈ, ਤਾਂ ਇਨਕਲਾਬੀ ਲਹਿਰ ਨੂੰ ਇਨ੍ਹਾਂ ਮਸਲਿਆਂ ਨੂੰ ਆਪਣੇ ਹਿੱਤ ਲਈ ਵਰਤਣੋਂ ਕਿਸੇ ਨੇ ਰੋਕਿਆ ਹੋਇਆ ਨਹੀਂ ਸੀ। ਅਕਾਲੀ ਦਲ ਦੇ ਮੋਰਚੇ ਨੇ ਕੇਂਦਰ ਸਰਕਾਰ ਵਲੋਂ ਪੰਜਾਬ ਨਾਲ ਬੇਇਨਸਾਫੀ ਕਰਨ ਵਿਰੁੱਧ ਪੰਜਾਬ ਦੇ ਲੋਕਾਂ ਨੂੰ ਖਾਸ ਕਰਕੇ ਕਿਸਾਨਾਂ ਨੂੰ ਚੇਤਨ ਕੀਤਾ ਹੈ। ਇਹ ਕੇਂਦਰ ਸਰਕਾਰ ਦੇ ਪੰਜਾਬ ਨਾਲ ਧੱਕੜ ਰਵਈਏ ਵਿਰੁੱਧ ਪੰਜਾਬ ਦੇ ਕਿਸਾਨਾਂ ਦਾ ਗੁੱਸਾ ਹੀ ਹੈ ਜਿਹੜਾ ਅਤਿਵਾਦ ਦੇ ਵੱਧਣ ਫੁੱਲਣ ਲਈ ਖੁਰਾਕ ਬਣਿਆ ਹੋਇਆ ਹੈ। ਪੰਜਾਬ ਦੀਆਂ ਹੱਕੀ ਮੰਗਾਂ ਦਾ ਵਿਰੋਧ ਕਰਕੇ ਇਨਕਲਾਬੀ ਲਹਿਰ ਅਤਿਵਾਦ ਨੂੰ ਨਾ ਸਿਰਫ ਖਤਮ ਹੀ ਨਹੀਂ ਕਰ ਸਕੇਗੀ ਸਗੋਂ ਪੰਜਾਬ ਹਿੱਤੂ ਤੇ ਪੰਜਾਬ ਦੀ ਕਿਸਾਨੀ ਵਿਚੋਂ ਨਿੱਖੜ ਕੇ ਰਹਿ ਜਾਵੇਗੀ, ਅਤੇ ਅਤਿਵਾਦੀਆਂ ਦੁਆਰਾ ਪੰਜਾਬ ਹਿੱਤੂ ਲੋਕਾਂ ਖਾਸ ਕਰਕੇ ਕਿਸਾਨਾਂ ਨੂੰ ਗੁੰਮਰਾਹ ਕਰਨ ਦਾ ਮੌਕਾ ਹੀ ਪ੍ਰਦਾਨ ਕਰੇਗੀ।

ਦੂਸਰੇ ਪਾਸੇ ਰਜੀਵ ਸਰਕਾਰ ਪੂਰੀ ਬੇਸ਼ਰਮੀ ਨਾਲ ਹਰਿਆਣਾ ਦੇ ਹਿੱਤਾਂ ਦੀ ਰਖਿਆ ਕਰਨ ਦੀ ਦੁਹਾਈ ਦੇ ਕੇ ਹਿੰਦੂ ਸ਼ਾਵਨਵਾਦ ਨੂੰ ਉਭਾਰ ਰਹੀ ਹੈ ਅਤੇ ਫਿਰਕੂ ਖਾਈ ਨੂੰ ਹੋਰ ਡੂੰਘਾ ਕਰ ਰਹੀ ਹੈ। ਜੇ ਹੋਰ ਰਾਜਾਂ ਵਿਚ ਪਾਣੀ ਦੀ ਵੰਡ ਸਬੰਧੀ ਰਿਪੇਰੀਅਨ ਕਾਨੂੰਨ ਲਾਗੂ ਹੋ ਸਕਦਾ ਹੈ ਤਾਂ ਪੰਜਾਬ ਵਿਚ ਇਸ ਨੂੰ ਲਾਗੂ ਕਿਉਂ ਨਹੀਂ ਕੀਤਾ ਜਾ ਸਕਦਾ? ਜੇ ਬੰਬਈ ਮਹਾਂਰਾਸ਼ਟਰ ਦੀ ਰਾਜਧਾਨੀ ਰਹਿ ਸਕਦਾ ਹੈ ਤਾਂ ਚੰਡੀਗੜ੍ਹ ਪੰਜਾਬ ਨੂੰ ਕਿਉਂ ਨਹੀਂ ਦਿਤਾ ਜਾ ਸਕਦਾ? ਇਲਾਕਾਈ ਮਸਲੇ ਨੂੰ ਹਲ ਕਰਨ ਵਿਚ ਕਿਹੜੀ ਮੁਸ਼ਕਲ ਹੈ? ਜੇ ਰਾਜਾਂ ਨੂੰ ਵੱਧ ਅਧਿਕਾਰ ਦੇ ਦਿਤੇ ਜਾਣਗੇ ਤਾਂ ਕੀ ਇਸ ਨਾਲ ਧਰਤੀ ਦੀ ਗਤੀ ਰੁਕ ਜਾਵੇਗੀ? ਪਰ ਪਿਛਾਹ ਖਿਚੂ ਕਾਂਗਰਸ ਹਕੂਮਤ ਦਾ ਤਾਂ ਸ਼ੁਰੂ ਤੋਂ ਹੀ ਉਦੇਸ਼ ਇਹ ਰਿਹਾ ਹੈ ਕਿ ਪੰਜਾਬ ਦੇ ਮਸਲਿਆਂ ਨੂੰ ਹਿੰਦੂ ਸ਼ਾਵਨਵਾਦ ਉਭਾਰਨ ਲਈ ਵਰਤਣਾਂ ਤੇ ਆਪਣੀ ਭਾਰਤੀ ਸਟੇਟ ਉਪਰ ਜਕੜ ਮਜ਼ਬੂਤ ਕਰਨੀ। ਇਸੇ ਉਦੇਸ਼ ਦੀ ਪੂਰਤੀ ਲਈ ਹੀ ਇੰਦਰਾ ਗਾਂਧੀ ਨੇ ਭਿੰਡਰਾਂਵਾਲੇ ਨੂੰ ਚਮਕਾ ਕੇ ਪੰਜਾਬ ਵਿਚ ਅਤਿਵਾਦ ਦੀਆਂ ਜੜ੍ਹਾਂ ਲਾਈਆਂ ਅਤੇ ਪੰਜਾਬ ਮਸਲੇ ਨੂੰ ਲਗਾਤਾਰ ਲਟਕਾਕੇ ਅਤਿਵਾਦ ਦੇ ਬੂਟੇ ਨੂੰ ਹਰਾ ਭਰਾ ਕੀਤਾ ਤੇ ਇਸ ਉਦੇਸ਼ ਤਹਿਤ ਹੀ ਰਜੀਵ ਗਾਂਧੀ ਵਲੋਂ ਪੰਜਾਬ ਸਮਝੌਤਾ ਕਰਕੇ ਬੜੀ ਬੇ-ਸ਼ਰਮੀ ਨਾਲ ਉਸਨੂੰ ਲਾਗੂ ਕਰਨ ਤੋਂ ਪਿਛੇ ਹਟਿਆ ਗਿਆ। ਤੇ ਪੰਜਾਬ ਮਸਲੇ ਦਾ ਸਿਆਸੀ ਹਲ ਕਰਨ ਦੀ ਰਜੀਵ ਗਾਂਧੀ ਮਸਲੇ ਨੂੰ ਬੰਦੂਕ ਤੇ ਪ੍ਰਸ਼ਾਸਨੀ ਤਬਦੀਲੀਆਂ ਰਾਹੀਂ ਹਲ ਕਰਨ ਤੇ ਦ੍ਰਿੜ ਹੈ।

ਮੌਜੂਦਾ ਸਮੇਂ ਵਿਚ ਪੰਜਾਬ ਦੀਆਂ ਹੱਕੀ ਮੰਗਾਂ ਨੂੰ ਮਨਵਾਉਂਣ ਦਾ ਮਹੌਲ ਪੈਦਾ ਕਰਨਾ ਹੀ ਅਤਿਵਾਦ ਖਾਤਮੇ ਦੀ ਗਰੰਟੀ ਬਣਾ ਸਕਦਾ ਹੈ ਅਤੇ ਕਾਂਗਰਸ ਦੀ ਵੋਟ-ਵਟੋਰੂ ਸਾਜਿਸ਼ ਨੂੰ ਨੰਗਾ ਕਰ ਸਕਦਾ ਹੈ। 'ਜ਼ਬਰ ਫਿਰਕਾਪ੍ਰਸਤੀ-ਵਿਰੋਧੀ ਫਰੰਟ' ਵਾਲੇ ਪੰਜਾਬ ਅਤਿਵਾਦ ਦੇ ਵਿਰੁੱਧ ਜਾਂਦੇ ਦੀਆਂ ਹੱਕੀ ਮੰਗਾਂ ਦਾ ਹੀ ਵਿਰੋਧ ਕਰ ਰਹੇ ਹਨ ਜਦੋਂ ਇਹ ਦਲੀਲ ਦਿੰਦੇ ਹਨ ਕਿ ਅਕਾਲੀਆਂ ਨੇ ਪੰਜਾਬ ਮਸਲੇ ਦੇ ਘੋਲ ਕਰਕੇ ਪੰਜਾਬ ਦੇ ਲੋਕਾਂ ਦਾ ਧਿਆਨ ਹੱਕੀ ਮੰਗਾਂ ਮਸਲਿਆਂ ਤੋਂ ਤਿਲਕਾਉਂਣ ਦੀ ਕੋਸ਼ਿਸ਼ ਕੀਤੀ। ਇਸ ਦਾ ਮਤਲਬ ਇਹ ਨਿਕਲਦਾ ਹੈ ਕਿ ਪੰਜਾਬੀਆਂ ਦੀਆਂ ਮੰਗਾਂ ਹੱਕੀ ਨਹੀਂ ਨਿਹੱਕੀ ਹਨ। ਸੰਖੇਪ ਵਿਚ ਸੀ. ਟੀ. ਤੇ 'ਸੁਰਖ ਰੇਖਾ' ਦੀ ਪੰਜਾਬ ਮਸਲੇ ਬਾਰੇ ਸਮਝ ਇਹ ਹੈ ਕਿ ਇਹ ਸਮੱਸਿਆ ਅਮਰੀਕਾ ਤੇ ਪਾਕਿਸਤਾਨ ਨੇ ਪੈਦਾ ਕੀਤੀ ਹੈ ਅਤੇ ਚੰਡੀਗੜ੍ਹ, ਪਾਣੀਆਂ ਇਲਾਕਾਈ ਮਸਲੇ ਕੋਈ ਖਾਸ ਮਸਲੇ ਨਹੀਂ, ਇਨ੍ਹਾਂ ਵਿਚੋਂ ਵਖਵਾਦੀ ਰੁਚੀਆਂ ਪੈਦਾ ਹੁੰਦੀਆਂ ਹਨ ਅਤੇ ਰਾਜੀਵ ਸਰਕਾਰ ਦੀ ਸਮਝ ਵੀ ਇਹੋ ਹੀ ਹੈ ਤਾਂ ਇਸਦਾ ਮਤਲਬ ਹੈ ਕਿ ਰਾਜੀਵ ਸਰਕਾਰ ਵੀ ਇਨਕਲਾਬੀ ਹੈ।

ਅਸੀਂ ਇਨ੍ਹਾਂ ਦੋਸਤ ਸਾਥੀਆਂ ਨੂੰ ਅਤੇ ਬਾਹਰ ਜਾ ਰਹੇ ਦੋਸਤਾਂ ਨੂੰ ਅਜੇ ਵੀ ਇਹ ਸਲਾਹ ਦੇਵਾਂਗੇ ਕਿ ਤੁਸੀਂ ਪੰਜਾਬ ਮਸਲੇ ਬਾਰੇ ਆਪਣੀ ਸਮਝ ਉਪਰ ਗੌਰ ਕਰੋ। **ਇਨਕਲਾਬੀ ਏਕਤਾ ਰਾਹੀਂ ਹੀ ਪੰਜਾਬ ਵਿਚ ਤੀਸਰਾ ਬਦਲ ਉਸਾਰਿਆ ਜਾ ਸਕਦਾ ਹੈ ਜਿਹੜਾ ਪੰਜਾਬ ਦੀਆਂ ਹੱਕੀ ਮੰਗਾਂ ਨੂੰ ਹਲ ਕਰਵਾਉਣ ਵਿਚ ਮੁਖ ਭੂਮਿਕਾ ਨਿਭਾ ਸਕੇਗਾ। ਇਸ ਤਰ੍ਹਾਂ ਹੀ ਅਤਿਵਾਦ ਤੇ ਭਾਰਤੀ ਹਾਕਮਾਂ ਦੀਆਂ ਸਾਜਿਸ਼ਾਂ ਦਾ ਮੁਕਾਬਲਾ ਕਰਦੇ ਹੋਏ ਇਨਕਲਾਬੀ ਘੋਲ ਨੂੰ ਅਗੇ ਵਧਾਇਆ ਜਾ ਸਕਦਾ ਹੈ।**